# ਜਨ ਹਿੱਤ ਨਵਾਂ ਸੰਘਰਸ਼ ਨਿੱਤ

# ਜਨ ਹਿੱਤ ਨਵਾਂ ਸੰਘਰਸ਼ ਨਿੱਤ

ਐਡਵੋਕੇਟ ਹਰੀ ਚੰਦ

*Prose/Contemporary issues*

ISBN : 978-93-83437-59-7

**Janhit Nawan Sanghash Nit**

***A book By***

**Advocate Hari Chand**

2017
S & G
Published, printed & bound
by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429,4027552

*© 2017*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



# ਤਤਕਰਾ


| | | |
|---|---|---|
| * | ਜਨ ਹਿੱਤ ਲਈ ਜੂਝਦਾ ਜਨੂੰਨੀ ਵਕੀਲ ਐਚ. ਸੀ. ਅਰੋੜਾ | xi |
| 1. | ਅਪਰਾਧੀ ਪੁਲਸ ਵਾਲੇ | 1 |
| 2. | ਸਜ਼ਾ ਯਾਫਤਾ ਨਿਗਰਾਨ ਇੰਜੀਨੀਅਰ | 2 |
| 3. | ਮੁੱਖ ਮੰਤਰੀ ਵਲੋਂ ਸੁਰੱਖਿਆ ਛੱਤਰੀ | 3 |
| 4. | ਨਵੇਕਲਾ ਸੰਘਰਸ਼ | 4 |
| 5. | ਅਦਾਲਤ ਵਿੱਚ ਸ਼ਰਾਬ ਉੱਪਰ ਬਹਿਸ | 5 |
| 6. | ਖਤਰਾ ਟਲ ਗਿਆ ਸੀ | 6 |
| 7. | ਅੰਨਾਂ ਸਿਰਫ ਇੱਕੋ ਹੀ ਨਹੀਂ | 7 |
| 8. | ਸੂਚਨਾ ਕਮਿਸ਼ਨ ਦੀ ਨਿਯੁਕਤੀ ਤੇ ਰੋਕ | 8 |
| 9. | ਬਹਾਦਰੀ ਸਨਮਾਨ ਪ੍ਰਾਪਤ ਸਜ਼ਾ ਯਾਫਤਾ ਪੁਲਿਸ ਅਧਿਕਾਰੀ | 9 |
| 10. | ਹਾਈ ਕੋਰਟ ਵਲੋਂ ਅਦੁੱਤੀ ਨਿਆਂ | 10 |
| 11. | ਕੁਤਰੀਆਂ ਹੋਈਆਂ ਖਬਰਾਂ | 11 |
| 12. | ਪੀ.ਐਨ. ਡੀ.ਟੀ. ਕੇਸਾਂ ਦੀ ਵਾਪਸੀ ਰੁਕੀ | 12 |
| 13. | ਥਾਣਿਆਂ ਵਿੱਚ ਜਨਾਨਾ ਪੁਲਿਸ ਲਈ ਵੱਖਰੇ ਪਖਾਨੇ | 13 |
| 14. | ਭਾੜੇ ਤੇ ਵਾਢੀ ਕਰਦੀਆਂ ਖਿਡਾਰਨਾਂ | 14 |
| 15. | ਪੁਲਿਸ ਦੁਆਰਾ ਸੇਵਾ ਸ਼ੁਲਕ | 15 |
| 16. | ਤੇਜਾਬ ਪੀੜਤਾਂ ਦੇ ਮੁੜ ਵਸੇਵੇਂ ਸਬੰਧੀ ਸੰਘਰਸ਼ | 16 |
| 17. | ਮੁੱਖ ਸਕੱਤਰ ਨੇ ਮਜਬੂਰੀ ਵਿੱਚ ਅਹੁਦਾ ਛੱਡਿਆ | 18 |
| 18. | ਹਾਈ ਕੋਰਟ ਵਿੱਚ ਅਜਾਇਬ ਘਰ | 19 |
| 19. | ਕੋਲਿਆਂ ਦੀ ਦਲਾਲੀ | 20 |
| 20. | ਲਾਅ ਕਮਿਸ਼ਨ ਝੁਕਿਆ | 21 |
| 21. | ਰਾਜਨੀਤੀ ਦਾ ਅਪਰਾਧੀਕਰਣ | 22 |
| 22. | ਵਕੀਲਾਂ ਦੀ ਲੇਬਰ ਕੋਰਟਾਂ ਦੇ ਜੱਜ ਵਜੋਂ ਨਿਯੁਕਤੀ | 23 |
| 23. | ਭ੍ਰਿਸ਼ਟਾਚਾਰ ਵਿਰੁੱਧ ਤਕੜਾ ਹਮਲਾ | 24 |
| 24. | ਵਿਚੋਲਗੀਰੀ ਅਤੇ ਸੁਲਾਹ ਸਫਾਈ ਕੇਂਦਰਾਂ ਦੀ ਸਥਾਪਨਾ | 25 |
| 25. | ਸੇਵਾ ਮੁਕਤ ਜੱਜਾਂ ਦੀ ਜਾਂਚ ਕਮੀਸ਼ਨ ਦੇ ਤੌਰ ਤੇ ਨਿਯੁਕਤੀ | 26 |
| 26. | ਚੁੱਪ ਚਾਪ ਫ਼ਰਜ਼ ਅਦਾਇਗੀ | 27 |
| 27. | ਦੇਸ਼ ਦੇ ਪੰਜਾਹ ਭਖਦੇ ਮਸਲੇ ਅਤੇ ਉਹਨਾਂ ਦੇ ਹੱਲ (ਇੱਕ ਕਿਤਾਬ) | 28 |

28. ਨਿਆਂ ਪ੍ਰਣਾਲੀ ਵਿੱਚ ਬੁਨਿਆਦੀ ਸੁਧਾਰਾਂ ਦੀ ਦਿਸ਼ਾ ਵੱਲ। (ਇੱਕ ਹੋਰ ਕਿਤਾਬ) 29
29. ਅਦਾਲਤ ਨੇ ਮੇਰੀ ਗਲਤੀ ਦਾ ਗੁੱਸਾ ਕੀਤਾ 30
30. ਇਸ਼ਤਿਹਾਰਾਂ ਵਿੱਚ ਨੇਤਾਵਾਂ ਦੀਆਂ ਤਸਵੀਰਾਂ 31
31. ਨਾ ਕਾਹੂ ਸੇ ਦੋਸਤੀ, ਨਾ ਕਾਹੂ ਸੇ ਵੈਰ 32
32. ਵਿਸਫੋਟਕਾਂ ਦਾ ਜ਼ਖੀਰਾ 33
33. ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਦੀ ਸਥਾਪਨਾ 34
34. ਆਰ.ਟੀ.ਆਈ. ਆਰਕੁੰਨਾਂ ਦੀ ਫੈਡਰੇਸ਼ਨ ਦਾ ਖਾਤਮਾ 35
35. 100 ਅਜੀਬ ਅਤੇ ਨਿਰਾਸ਼ਾਜਨਕ ਹੁਕਮ 36
36. ਖਪਤਕਾਰ ਫੋਰਮਾਂ ਦੇ ਮੈਂਬਰਾਂ ਦੀਆਂ ਨਿਗੂਣੀਆਂ ਤਨਖਾਹਾਂ 37
37. ਖਪਤਕਾਰ ਮਾਮਲਿਆਂ ਦੇ ਮੰਤਰੀ ਝੁਕੇ 39
38. ਲੋਕ ਤੰਤਰ ਦਾ ਚੌਥਾ ਥੰਮ 40
39. ਛੁੱਟੀਆਂ ਵਿੱਚ ਹਾਈ ਕੋਰਟ ਵਿੱਚ ਸੁਣਵਾਈ 41
40. ਮੇਰਾ ਮੁਵੱਕਿਲ ਕੇਸ ਦੇ ਨਿਰਣੇ ਤੱਕ ਨਹੀਂ ਜੀ ਸਕਿਆ। 42
41. ਬਹਾਦੁਰ ਮਾਤਾ "ਚੰਦਰਪਤੀ" 43
42. ਚੀਫ਼ ਜਸਟਿਸ ਵਲੋਂ ਹੈਰਾਨੀ ਜਨਕ ਟਿੱਪਣੀ 45
43. ਮੱਖੀ ਮਾਰਨ ਲਈ ਐਟਮ ਬੰਬ ਦੀ ਵਰਤੋਂ 46
44. ਕੀ ਪੰਜਾਬ ਸਰਕਾਰ ਮੈਨੂੰ ਪੰਜਾਬ 'ਚੋਂ ਬਾਹਰ ਭੇਜਣਾ ਚਾਹੁੰਦੀ ਸੀ ? 47
45. ਐਸ.ਐਮ.ਐਸ. ਅੰਦੋਲਨ 48
46. ਰਾਜਨੀਤੀ 49
47. ਵਿਵੇਕ ਅੱਤਰੇ 50
48. ਪੰਜਾਬ ਸਰਕਾਰ ਮੇਰੇ ਤੇ ਖ਼ੁਸ਼ 51
49. ਐਕਟੀਵਿਸਟ ਦੀ ਪਹਿਚਾਣ 52
50. ਬਲਤਕਾਰ ਦੇ ਸਜ਼ਾ ਯਾਫਤਾ ਕੈਦੀ 53
51. ਜੁਬਾਨ ਦੀ ਸਲਿੱਪ 54
52. ਫਰਿਸ਼ਤੇ ਦਾ ਆਸ਼ੀਰਵਾਦ 55
53. ਲੰਬੀ ਲੜਾਈ-ਮੁੱਖ ਪਾਰਲੀਮੈਂਟਰੀ ਸਕੱਤਰਾਂ ਦੇ ਵਿਰੁੱਧ 56
54. ਲਾਈਫ਼ ਟਾਇਮ ਅਚੀਵਮੈਂਟ ਅਵਾਰਡ 57
55. ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ-ਇੱਕ ਯਾਦ 58
56. ਸਾਫ ਸੁਥਰਾ ਸਿਆਸਤ ਦਾਨ 59
57. ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ-ਇੱਕ ਅਭੁੱਲ ਯਾਦ 60
58. ਪੀ.ਟੀ.ਸੀ. ਨਿਊਜ਼ ਚੈਨਲ ਦਾ ਬਾਈਕਾਟ 61



59. ਗਰੀਬੀ ਹੀ ਸੱਭ ਤੋਂ ਵੱਡਾ ਜੁਰਮ ਹੈ 62
60. ਮਾਫ਼ੀ 63
61. ਪਟੀਸ਼ਨ ਕਰਤਾ ਖ਼ੁਦ (ਇੱਕ ਦਿਲਚਸਪ ਕਿੱਸਾ) 64
62. ਪਟੀਸ਼ਨ ਕਰਤਾ ਖ਼ੁਦ (ਸੁਪਰੀਮ ਕੋਰਟ ਵਿੱਚ) 65
63. ਜਨ ਹਿੱਤ ਪਟੀਸ਼ਨ ਪਾਉਣ ਦੀ ਹਿੰਮਤ 66
64. ਸੀਨੀਅਰ ਐਡਵੋਕੇਟ ਕਿਓਂ ਨਾਂ ਬਣ ਸਕਿਆ 67
65. ਜਨ ਹਿੱਤ ਪਟੀਸ਼ਨਾਂ ਦਾ ਖਰਚਾ 68
66. ਹਾਂ, ਮੈਂ ਬਦਨੀਤਾ ਹਾਂ! 69
67. ਐਚ ਸੀ ਅਰੋੜਾ ਤੋਂ ਹਰੀ ਚੰਦ 70


## ਮੇਰੀ ਪ੍ਰੇਰਨਾਂ ਅਤੇ ਮੇਰੀ ਤਾਕਤ–ਮੇਰੀ ਪਤਨੀ ਇੰਦੂ



ਮੈਂ ਆਪਣੀਆਂ ਕਿਤਾਬਾਂ ਵਿਚ ਇਸ ਵਿਸ਼ੇ ਤੇ ਕੁਝ ਵੀ ਲਿਖਣ ਤੋਂ ਹਮੇਸ਼ਾਂ ਸੰਕੋਚ ਕੀਤਾ ਹੈ । ਇਸ ਲਈ ਅੱਜ ਸਾਰੀ ਕਸਰ ਕੱਢਣ ਲੱਗਾ ਹਾਂ । ਅਜਿਹਾ ਕਰਨਾਂ ਜ਼ਰੂਰੀ ਵੀ ਹੈ ਕਿਉਂਕਿ ਇਹ ਕਿਤਾਬ ਇਕ ਤਰਾਂ ਦੀ ਮੇਰੀ ਆਤਮ ਕਥਾ ਹੀ ਹੈ । ਇੰਦੂ ਨੇ ਮੇਰੇ ਹਰ ਸੰਘਰਸ਼ ਵਿਚ ਪੂਰੀ ਤਾਕਤ ਨਾਲ ਮੇਰਾ ਸਾਥ ਦਿੱਤਾ ਹੈ । ਬਹੁਤ ਵਾਰੀ ਉਹ ਮੇਰੀ ਢਾਲ ਬਣੀ ਅਤੇ ਬਹੁਤ ਵਾਰੀ ਸਲਾਹਕਾਰ ਬਣੀ । ਉਸ ਨੇ ਕਦੇ ਵੀ ਪੈਸੇ ਦੇ ਪ੍ਰਤੀ ਮੋਹ ਨਹੀਂ ਵਿਖਾਇਆ । ਉਸ ਨੇ ਕਿਸੇ ਵੀ ਹੱਦ ਤਕ ਤਿਆਗ ਕਰਨ ਵਿਚ ਮੇਰਾ ਪੂਰਾ ਪੂਰਾ ਸਾਥ ਦਿੱਤਾ ਹੈ । ਮੈਂ ਹਮੇਸ਼ਾਂ ਹਰ ਖ਼ੁਸ਼ੀ ਅਤੇ ਗ਼ਮ ਉਸ ਨਾਲ ਸਾਂਝਾ ਕੀਤਾ ਹੈ । ਮੇਰੇ ਵੱਡੇ ਤੋਂ ਵੱਡੇ ਜੋਖ਼ਮ ਭਰੇ ਫੈਸਲਿਆਂ ਵਿਚ ਉਸਦੀ ਹਮੇਸ਼ਾਂ ਸਹਿਮਤੀ ਰਹੀ ਹੈ ।

ਇਸ ਲਈ ਇਹ ਕਿਤਾਬ ਮੈਂ ਇੰਦੂ ਨੂੰ ਸਮਰਪਤ ਕਰ ਰਿਹਾ ਹਾਂ

## ਸਫ਼ਰਨਾਮਾ



ਅੱਜ ਲੱਗਦਾ ਹੈ ਕਿ ਮੇਰਾ ਲੋਕ ਹਿੱਤ ਪਟੀਸ਼ਨਾਂ ਦਾ ਸਫ਼ਰ ਕਿਸੇ ਨਾਂ ਕਿਸੇ ਮੁਕਾਮ ਤੇ ਪਹੁੰਚ ਚੁੱਕਾ ਹੈ। ਹੋਰ ਕਿੰਨਾ ਸਫ਼ਰ ਤਹਿ ਕਰਨਾ ਹੈ, ਹੁਣੇ ਨਹੀਂ ਕਿਹਾ ਜਾ ਸਕਦਾ। ਮੇਰੇ ਮਨ ਵਿੱਚ ਬਹੁਤ ਸੰਤੁਸ਼ਟੀ ਹੈ ਕਿ ਮੇਰਾ ਇਹ ਲੰਬਾ ਸਫ਼ਰ ਬੇਦਾਗ ਰਿਹਾ। ਕਿਸੇ ਵੀ ਅਦਾਲਤ ਵਿਚ ਮੇਰੇ ਕਿਰਦਾਰ ਤੇ ਉਂਗਲੀ ਨਹੀਂ ਉੱਠੀ। ਬਾਰ੍ਹਾਂ ਸਾਲਾਂ ਦਾ ਇਹ ਸਫ਼ਰ ਸਫ਼ਲਤਾਵਾਂ ਨਾਲ ਭਰਿਆ ਹੋਇਆ ਹੈ। ਅਜਿਹਾ ਕਿਸ ਤਰਾਂ ਸੰਭਵ ਹੋ ਸਕਿਆ ? ਇਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਸੰਭਵ ਨਹੀਂ। ਅਜਿਹਾ ਕਿਸੇ ਵਿਸ਼ੇਸ਼ ਨੀਤੀ ਦੇ ਕਾਰਣ ਨਹੀਂ, ਬਲਕਿ ਬਦਨੀਤੀ ਦੀ ਅਣਹੋਂਦ ਕਰਕੇ ਹੋ ਸਕਿਆ। "ਲੋਕ ਹਿੱਤ" ਹੀ ਮੇਰਾ ਇੱਕੋ ਇੱਕ ਟੀਚਾ ਰਿਹਾ ਹੈ। ਮੈਂ ਆਪਣੇ ਆਪ ਨੂੰ ਰਾਜਨੀਤੀ ਦੀ ਦਲਦਲ ਤੋਂ ਅਲੱਗ ਰੱਖ ਸਕਿਆ ਹਾਂ। ਆਪਣੀਆਂ ਲੋਕ ਹਿੱਤ ਪਟੀਸ਼ਨਾਂ ਰਾਹੀਂ ਇਕ ਉਸਾਰੂ ਵਿਰੋਧੀ ਧਿਰ ਦਾ ਕਿਰਦਾਰ ਅਦਾ ਕਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਕੋਈ ਵੀ ਵਿਅਕਤੀ ਮੇਰੇ ਰਾਹੀਂ ਲੋਕ ਹਿੱਤ ਪਟੀਸ਼ਨ ਦੇ ਨਾਂ ਹੇਠਾਂ ਕੋਈ ਨਿੱਜੀ ਹਿੱਤ ਪਟੀਸ਼ਨ ਦਾਖ਼ਲ ਕਰਵਾ ਕੇ ਆਪਣਾ ਨਿੱਜੀ ਹਿੱਤ ਸਾਧਣ ਵਿੱਚ ਕਾਮਯਾਬ ਨਹੀਂ ਹੋ ਸਕਿਆ। ਭਾਰਤੀ ਨਿਆਂ ਪ੍ਰਣਾਲੀ ਵਿੱਚ ਅਟੁੱਟ ਵਿਸ਼ਵਾਸ ਮੇਰੀ ਸੋਚ ਦਾ ਅਨਿੱਖੜਵਾਂ ਅੰਗ ਹੈ। ਇਹ ਵਿਸ਼ਵਾਸ ਹੀ ਮੇਰੀ ਤਾਕਤ ਹੈ। ਇਸ ਵਿਸ਼ਵਾਸ ਤੋਂ ਬਗੈਰ ਲੋਕ ਹਿੱਤ ਪਟੀਸ਼ਨਾਂ ਦਾਖ਼ਲ ਕਰਨ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਇਹ "ਸਫ਼ਰਨਾਮਾ" ਮੇਰੀ ਜ਼ਿੰਦਗੀ ਦੇ ਬਾਰਾਂ ਸਾਲਾਂ ਦੇ ਸੰਘਰਸ਼ ਦੀ ਇਕ ਸੰਖੇਪ ਕਹਾਣੀ ਹੈ। ਆਸ ਰੱਖਦਾ ਹਾਂ ਕਿ ਇਹ ਸੰਘਰਸ਼ ਕਿਸੇ ਨਾ ਕਿਸੇ ਲਈ ਕਿਤੇ ਨਾਂ ਕਿਤੇ ਪਰੇਰਣਾ ਦਾ ਸਰੋਤ ਜ਼ਰੂਰ ਬਣੇਗਾ।

ਚੰਡੀਗੜ੍ਹ — ਐਡਵੋਕੇਟ ਹਰੀ ਚੰਦ

1.9.2017



## ਜਨ ਹਿੱਤ ਲਈ ਜੂਝਦਾ ਜਨੂੰਨੀ ਵਕੀਲ ਐਚ.ਸੀ. ਅਰੋੜਾ



ਪੰਜਾਬ ਹਰਿਆਣਾ ਅਤੇ ਚੰਡੀਗੜ੍ਹ 'ਚ ਕਈ ਵਿਰੋਧੀ ਪਾਰਟੀਆਂ ਦਾ ਕੰਮ ਇੱਕ ਹਰਫਨ ਮੌਲਾ ਇਨਸਾਨ ਇਕੱਲਾ ਹੀ ਕਰੀ ਜਾ ਰਿਹਾ ਹੈ। ਵਕੀਲ ਹਰੀ ਚੰਦ ਅਰੋੜਾ ਆਪਣੇ ਕੀਤੇ ਜਨ ਹਿੱਤ ਦੇ ਕੰਮਾਂ ਕਰਕੇ ਕਈਆਂ ਲਈ 'ਹਰੀ' ਸਾਬਤ ਹੋਇਆ ਹੈ ਅਤੇ ਕਈਆਂ ਲਈ 'ਚੰਦ'। ਉਸਦੇ ਮਨ 'ਚ ਆਉਂਦੇ ਖਿਆਲ ਕਦੇ ਜਨ ਹਿੱਤ ਪਟੀਸ਼ਨਾਂ ਬਣ ਜਾਂਦੇ ਹਨ ਅਤੇ ਕਦੇ ਕਵਿਤਾਵਾਂ। ਉਹ ਐਨਾ ਨਰਮ ਦਿਲ ਹੈ ਕਿ ਕਦੇ ਸਵੇਰ ਦੀ ਸੈਰ ਕਰਦਿਆਂ ਕਿਸੇ ਦੀ ਤਰਸਯੋਗ ਹਾਲਤ ਦੇਖਦਾ ਹੈ ਤਾਂ ਤੇਜ਼ੀ ਨਾਲ ਵਾਪਸ ਆ ਕੇ ਪਟੀਸ਼ਨ ਤਿਆਰ ਕਰ ਦਿੰਦਾ ਹੈ ਤੇ ਐਨਾ ਕੁਰਖ਼ਤ ਵੀ ਹੈ ਕਿ ਕਈ ਕੇਸਾਂ 'ਚ ਵੱਡੀਆਂ ਰਕਮਾਂ ਦੀ ਫੀਸ ਦੀ ਪੇਸ਼ਕਸ਼ ਹੋਣ ਦੇ ਬਾਵਜੂਦ ਉਹ ਲੜਨ ਲਈ ਤਿਆਰ ਨਹੀਂ ਹੁੰਦਾ। ਉਹ ਝੂਰਦਾ ਵੀ ਰਹਿੰਦਾ ਹੈ ਕਿ ਅਧਿਕਾਰੀਆਂ ਦੀ ਬੇਰੁੱਖੀ ਤੇ ਸਰਕਾਰਾਂ ਦੀ ਹੱਦ ਦਰਜੇ ਦੀ ਢੀਠਤਾਈ ਕਾਰਨ ਉਹ ਕੁੱਝ ਦੇਸ਼ ਭਗਤਾਂ ਨਾਲ ਸੰਬੰਧਤ ਕੰਮ ਨਹੀਂ ਕਰਵਾ ਸਕਿਆ।

ਹਰਿਆਣਾ ਦੇ ਇੱਕ ਬਹੁ ਚਰਚਿਤ 'ਅਣਖ ਲਈ ਕਤਲ' ਦੀ ਖਬਰ ਛਪੀ ਤੇ ਬਾਲੀਵੁੱਡ ਦੀ ਇੱਕ ਫਿਲਮ ਵੀ ਬਣੀ। ਮ੍ਰਿਤਕ ਮੁੰਡੇ ਦੇ ਪਰਿਵਾਰ ਦੀ ਮਾੜੀ ਹਾਲਤ ਬਾਰੇ ਪਤਾ ਲੱਗਿਆ ਤਾਂ ਪਰਿਵਾਰ ਨੂੰ ਮੁਆਵਜੇ ਲਈ ਪਟੀਸ਼ਨ ਹਾਈਕੋਰਟ 'ਚ ਲਗਾ ਦਿੱਤੀ। ਫੈਸਲੇ ਤੋਂ ਬਾਅਦ ਲੜਕੇ ਦੀ ਮਾਂ ਤੇ ਭੈਣ ਨੇ ਇਹਨਾਂ ਦੇ ਦਫਤਰ ਆ ਕੇ ਦੋ ਲੱਖ ਰੁਪਏ ਮੇਜ਼ 'ਤੇ ਰੱਖ ਦਿੱਤੇ ਤੇ ਕਿਹਾ ਤੁਹਾਡੇ ਕਰਕੇ ਸਾਨੂੰ ਜਿੰਨੇ ਪੈਸੇ ਮਿਲੇ ਇੰਨਾ ਕੁ ਹਿੱਸਾ ਤਾਂ ਤੁਹਾਡਾ ਵੀ ਬਣਦਾ ਹੈ, ਲੇਕਿਨ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਵਾਰ-ਵਾਰ ਨਾਂਹ ਕਰਨ ਦੇ ਬਾਵਜੂਦ ਜਦੋਂ ਉਹ ਪੈਸੇ ਦੇਣ ਦੀ ਜਿੱਦ ਤੇ ਅੜੀਆਂ ਰਹੀਆਂ ਤਾਂ ਅਰੋੜਾ ਜੀ ਨੇ "ਮੈਂ ਤੁਹਾਡੀ ਮੰਨਦਾਂ, ਤੁਸੀਂ ਮੇਰੀ ਮੰਨ ਲਿਓ ਦੀ ਸ਼ਰਤ" 'ਤੇ ਪੈਸੇ ਚੁੱਕ ਲਏ ਤੇ ਉਸੇ ਵੇਲੇ ਆਪਣੀ ਪਤਨੀ ਤੋਂ ਸਾਰੇ ਦੇ ਸਾਰੇ ਲੜਕੀ ਨੂੰ 'ਪਿਆਰ' ਵਜੋਂ ਦਿਵਾ ਦਿੱਤੇ।

ਪੰਜਾਬ ਪੁਲਸ ਦੇ ਕੁਝ ਅਫਸਰ ਵੱਖ ਵੱਖ ਕਤਲ ਵਰਗੇ ਕੇਸਾਂ 'ਚ ਸਜ਼ਾ ਯਾਫਤਾ ਹੋਣ ਦੇ ਬਾਵਜੂਦ ਡੀ.ਜੀ.ਪੀ. ਦੇ ਪੱਤਰ ਮੁਤਾਬਕ ਨੌਕਰੀਆਂ ਕਰ ਰਹੇ ਸਨ। ਉਸ ਦੀ ਪਟੀਸ਼ਨ ਦਾ ਹੀ ਸਿੱਟਾ ਸੀ ਕਿ ਉਹ ਸਾਰੇ ਪੁਲਸ ਅਫਸਰ ਨੌਕਰੀਆਂ ਤੋਂ ਕੱਢ ਦਿੱਤੇ ਗਏ।

ਭਾਵੇਂ ਸ਼ਹੀਦ ਸੁਖਦੇਵ ਦਾ ਘਰ ਵਿਕਣ ਤੋਂ ਬਚਾਉਣਾ ਹੋਵੇ ਤੇ ਭਾਵੇਂ ਸ਼ਹੀਦ

ਭਗਤ ਸਿੰਘ ਨਾਲ ਸਬੰਧਤ ਫਿਰੋਜ਼ਪੁਰ ਦੇ ਤੂੜੀ ਬਜਾਰ 'ਚ ਜਗ੍ਹਾ ਨੂੰ ਯਾਦਗਾਰ ਵਜੋਂ ਸੰਭਾਲਣਾ ਹੋਵੇ..... ਸੁਨਾਮ ਦੇ ਰੇਲਵੇ ਸਟੇਸ਼ਨ ਦਾ ਨਾਮ 'ਸੁਨਾਮ ਊਧਮ ਸਿੰਘ ਵਾਲਾ' ਰੱਖਣਾ ਹੋਵੇ, ਭਾਵੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਅਧੂਰੀ ਯਾਦਗਾਰ ਮੁਕੰਮਲ ਕਰਨ ਲਈ ਸਰਕਾਰ ਤੋਂ ਪੈਸਾ ਦਿਵਾਉਣੇ ਹੋਣ : ਇਹ ਸਾਰੇ ਕੰਮ ਉਸੇ ਦੇ ਹਿੱਸੇ ਆਏ ਹਨ।

ਆਏ ਦਿਨ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਜਨ ਹਿੱਤ ਪਟੀਸ਼ਨਾਂ, ਕਾਨੂੰਨੀ ਨੋਟਿਸਾਂ ਅਤੇ ਮੀਡੀਆ 'ਚ ਖਬਰਾਂ ਦੇ ਹਥਿਆਰਾਂ ਨਾਲ ਲੈਸ ਆਪਣੇ ਮੋਰਚੇ 'ਤੇ ਖੜਾ ਜਨ ਹਿੱਤ ਲਈ ਜੂਝਦਾ ਇਹ ਜਨੂੰਨੀ ਵਕੀਲ ਸਰਕਾਰਾਂ ਤੇ ਭ੍ਰਿਸ਼ਟ ਤੰਤਰ ਨੂੰ ਬੁਰੀ ਤਰ੍ਹਾਂ ਟੱਕਰ ਦੇ ਰਿਹਾ ਹੈ। 12 ਅਗਸਤ 2016 ਨੂੰ ਐਡਵੋਕੇਟ ਜਗਮੋਹਣ ਸਿੰਘ ਭੱਟੀ ਹੁਰਾਂ ਨਾਲ ਮਿਲ ਕੇ ਇਸ ਵਲੋਂ ਕੀਤੇ ਵਾਰ ਦਾ ਹੀ ਨਤੀਜਾ ਸੀ ਕਿ 18 ਸੰਸਦੀ ਸਕੱਤਰਾਂ ਨੂੰ ਜਨਤਾ ਦੇ ਖਜਾਨੇ 'ਤੇ ਕੀਤੇ ਕਬਜੇ ਛੱਡ ਕੇ ਭੱਜਣਾ ਪਿਆ ਤੇ ਪੰਜਾਬ ਸਰਕਾਰ ਅਤੇ ਸਮਰਥਕਾਂ ਦੀ ਫੌਜ ਬੇਵੱਸ ਖੜੀ ਦੇਖਦੀ ਰਹਿ ਗਈ।

ਪੰਜਾਬ ਤੇ ਹਰਿਆਣਾ 'ਚ ਤੇਜ਼ਾਬੀ ਜਮਲੇ ਦੀਆਂ ਪੀੜਿਤ ਲੜਕੀਆਂ/ ਔਰਤਾਂ ਲਈ ਮੁਫਤ ਇਲਾਜ ਤੋਂ ਇਲਾਵਾ ਤਿੰਨ ਲੱਖ ਰੁਪਏ ਮੁਆਵਜਾ ਦੇਣ ਲਈ ਦੋਨਾਂ ਸੂਬਿਆਂ ਦੀਆਂ ਸਰਕਾਰਾਂ ਐਡਵੋਕੇਟ ਅਰੋੜਾ ਦੀ ਪਟੀਸ਼ਨ ਮਗਰੋਂ ਹੀ ਤਿਆਰ ਹੋਈਆਂ। ਆਰ.ਟੀ.ਆਈ. ਕਾਰਕੁੰਨਾਂ ਦੀ ਸੁਰੱਖਿਆ ਲਈ ਬਣਾਈ ਪੌਲਿਸੀ ਉਸ ਦੇ ਕਾਰਨ ਹੀ ਬਣ ਸਕੀ।

ਸ਼੍ਰੀ ਜੋਗਿੰਦਰ ਪਾਲ ਜੈਨ ਨੂੰ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾਉਣ, ਸ਼੍ਰੀ ਸੁੱਚਾ ਰਾਮ ਲੱਧੜ ਕਮਿਸ਼ਨਰ ਜਲੰਧਰ ਡਿਵੀਜਨ ਵਲੋਂ ਗੈਰ ਕਾਨੂੰਨੀ ਤਰੀਕੇ ਨਾਲ ਕਿਸਾਨਾਂ ਤੋਂ ਉਗਰਾਹੀ ਡੇਢ ਕਰੋੜ ਤੋਂ ਉੱਪਰ ਦੀ ਰਕਮ ਸਰਕਾਰੀ ਖਜਾਨੇ 'ਚ ਜਮ੍ਹਾ ਕਰਵਾਉਣ ਅਤੇ ਕੇ. ਐਸ. ਮੱਖਣ ਵਿਰੁੱਧ ਚਲ ਰਿਹਾ ਨਸ਼ਿਆਂ ਦਾ ਕੇਸ ਵਾਪਸ ਨਾ ਲੈਣ ਲਈ ਸਰਕਾਰ ਨੂੰ ਮਜਬੂਰ ਕਰਨ ਦੀ ਹਿੰਮਤ ਕੋਈ ਹਰੀ ਚੰਦ ਅਰੋੜਾ ਵਰਗਾ ਜਨੂੰਨੀ ਵਕੀਲ ਹੀ ਕਰ ਸਕਦਾ ਹੈ।

ਜਨ ਹਿੱਤ ਦੀ ਲੜਾਈ ਲੜਦਿਆਂ ਉਸ ਕੋਲ ਕਈ ਭੇਸਾਂ ਵਿੱਚ ਲੋਕ ਆਉਂਦੇ ਹਨ। ਵੱਡੇ-ਵੱਡੇ ਮਾਫੀਆ ਮੁਖੀ, ਸਿਆਸਤਦਾਨ ਅਤੇ ਕਈ ਹੋਰ ਪ੍ਰਭਾਵਸ਼ਾਲੀ ਲੋਕ ਉਸ ਨੂੰ ਵਕੀਲ ਦੇ ਤੌਰ 'ਤੇ ਵਰਤ ਕੇ ਕੋਈ ਨਾ ਕੋਈ ਲਾਹਾ ਲੈਣਾ ਚਾਹੁੰਦੇ ਹਨ, ਲੇਕਿਨ ਉਹ ਸਾਵਧਾਨ ਰਹਿੰਦਾ ਹੈ। ਬਲਾਤਕਾਰੀਆਂ, ਕਾਤਲਾਂ ਅਤੇ ਸਜ਼ਾ ਯਾਫਤਾ ਕਰਮਚਾਰੀਆਂ ਨੂੰ ਉਹ ਕਹਿ ਦਿੰਦਾ ਹੈ ਕਿ "ਮੈਨੂੰ ਕਰਿਮੀਨਲ ਲਾਅ ਨਹੀਂ ਆਉਂਦਾ।"

ਉਸ ਬਾਰੇ ਇਕ ਦੋਸਤ ਨੇ ਲਿਖਿਆ ਹੈ—"ਉਹ ਖੁਦ ਹੀ ਫ਼ੌਜੀ ਹੈ। ਉਹ ਖੁਦ ਹੀ ਸੈਨਾਪਤੀ। ਉਹ ਖੁਦ ਨਹੀਂ ਜਾਣਦਾ ਕਦੋਂ ਕਿਹੜੀ ਲੜਾਈ ਵਿੱਢੀ ਜਾਵੇ।



ਉਸਦੀ ਹਰ ਜੰਗ ਭਾਵੁਕਤਾ ਵਿੱਚੋਂ ਉਪਜਦੀ ਹੈ, ਉਸਦੀ ਆਤਮਾ ਦੀ ਆਵਾਜ਼ 'ਚੋਂ ਉਪਜਦੀ ਹੈ। ਉਹ ਕਿਸੇ ਰਾਜਨੀਤਿਕ ਪਾਰਟੀ ਦਾ ਮੈਂਬਰ ਨਹੀਂ, ਨਾ ਹੀ ਬਣੇਗਾ-ਇਹ ਉਸਦਾ ਸੰਕਲਪ ਹੈ।"

ਜਦੋਂ ਕਦੇ ਉਸ ਦੁਆਰਾ ਕੀਤੇ ਜਾ ਰਹੇ ਕੰਮਾਂ ਦਾ ਡੂੰਘਾਈ ਨਾਲ ਮੁਲੰਕਣ ਹੋਇਆ ਤਾਂ ਲੋਕ ਖਾਸ ਤੌਰ 'ਤੇ ਪੰਜਾਬੀ ਲੋਕ ਮਾਣ ਵੀ ਕਰਨਗੇ ਤੇ ਹੈਰਾਨ ਵੀ ਹੋਣਗੇ ਕਿ ਇਹ ਇੱਕੋ ਹੀ ਬੰਦਾ ਸਾਡੇ ਲਈ ਐਨਾ ਕੁੱਝ ਕਰ ਰਿਹਾ ਹੈ ? ਕਦੋਂ ਉਹ ਵਕਾਲਤ ਕਰਦਾ ਹੈ, ਕਦੋਂ ਜਨ ਹਿੱਤ ਪਟੀਸ਼ਨਾਂ ਲਈ ਵਕਤ ਕੱਢਦਾ ਹੈ, ਕਦੋਂ ਮੀਡੀਆ ਰਾਹੀਂ ਮੁੱਦੇ ਉਠਾਉਂਦਾ ਹੈ ਤੇ ਕਦੋਂ ਆਪਣੀ ਜੇਬ 'ਚੋਂ ਧੀਆਂ ਧਿਆਣੀਆਂ ਨੂੰ ਵਿਆਹ ਤੇ ਸ਼ਗਨ ਦਿੰਦਾ ਹੈ।

ਹਾਂ, ਕਵਿਤਾ ਲਈ ਉਸ ਨੂੰ ਉਚੇਚ ਨਹੀਂ ਕਰਨੀਂ ਪੈਂਦੀ, ਕਿਉਂਕਿ ਕਵਿਤਾ ਉਹ ਲਿਖਦਾ ਨਹੀਂ ਬਲਕਿ ਕਵਿਤਾ ਉਤਰਦੀ ਹੈ। ਆਖਰ 'ਚ ਉਸ ਨੂੰ ਉਤਰੀ ਹੋਈ ਕਵਿਤਾ ਦਾ ਇੱਕ ਨਮੂਨਾ ਦੇਖ ਲਵੋ :

"ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ, ਤੂੰ ਸੁਣ ਗੱਲਾਂ ਦਰਵੇਸ਼ ਦੀਆਂ,
ਇੱਥੇ ਪੁਲਸਾਂ ਡੰਡੇ ਮਾਰਦੀਆਂ, ਫ਼ਰਿਆਦਾਂ ਫੜਕੇ ਫਾੜ ਦੀਆਂ,
ਇੱਥੇ ਅੱਤ ਜੁਰਮ ਦੀ ਹੋ ਰਹੀ ਹੈ, ਇਨਸਾਫ਼ ਦੀ ਤੱਕੜੀ ਰੋ ਰਹੀ ਹੈ,
ਇੱਥੇ ਸੜਕਾਂ ਪੈਸੇ ਖਾਂਦੀਆਂ ਨੇ, ਤੇ ਬਣਦਿਆਂ ਹੀ ਟੁੱਟ ਜਾਂਦੀਆਂ ਨੇ
ਇੱਥੇ ਪੈਸੇ ਥੋੜੇ ਪੈ ਜਾਂਦੇ, ਪੁਲ ਬਣਦੇ-ਬਣਦੇ ਰਹਿ ਜਾਂਦੇ,
ਧੀ ਜੰਮਦੀ-ਜੰਮਦੀ ਰਹ ਜਾਂਦੀ, ਜੋ ਜੰਮ ਪੈਂਦੀ ਓਹ ਕਹਿ ਜਾਂਦੀ,
ਜੇ ਜੀਣਾ ਏਨਾ ਪੰਗਾ ਸੀ, ਮੈਂ ਨਾ ਹੀ ਜੰਮਦੀ ਚੰਗਾ ਸੀ,
ਇਹ ਬਣਿਆ ਦੇਸ਼ ਨਵਾਬਾਂ ਦਾ, ਨਸ਼ਿਆਂ ਦਾ ਅਤੇ ਸ਼ਰਾਬਾਂ ਦਾ,
ਕੋਈ ਦੁੱਧ ਤੇ ਲੱਸੀ ਨਹੀਂ ਪੀਂਦਾਂ, ਕੋਈ ਬਿਨਾਂ ਦਵਾਈ ਨਹੀਂ ਜੀਦਾਂ,
ਕਾਰਾਂ ਵਿੱਚ ਇਜ਼ਤ ਲੁਟਦੀ ਹੈ, ਥਾਣੇ ਵਿੱਚ ਜ਼ਿੰਦਗੀ ਮੁਕਦੀ ਹੈ,
ਖੇਤਾਂ ਵਿੱਚ ਜ਼ਹਿਰਾਂ ਉਗਦੀਆਂ ਨੇ, ਤੇ ਕੈਂਸਰ ਬਣ ਕੇ ਫੁਟਦੀਆਂ ਨੇ,
ਪੈਸੇ ਤੇ ਬੰਦਾ ਡੁਲ੍ਹਿਆ ਹੈ, ਭੁਲਿਆ ਤਾਂ ਰੱਬ ਨੂੰ ਭੁਲਿਆ ਹੈ,
ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ, ਤੂੰ ਸੁਣ ਗੱਲਾਂ ਦਰਵੇਸ਼ ਦੀਆਂ.....

(-ਪਰਵਿੰਦਰ ਸਿੰਘ ਕਿੱਤਣਾ 98143-13162)

# 1.ਅਪਰਾਧੀ ਪੁਲਸ ਵਾਲੇ


**ਚੀਫ ਜਸਟਿਸ ਰੰਜਨ ਗੋਗੋਈ**

17 ਫਰਵਰੀ 2011 ਦਾ ਦਿਨ ਸੀ। ਮੇਰੀ ਇੱਕ ਮਹੱਤਵਪੂਰਨ ਜਨ ਹਿੱਤ ਪਟੀਸ਼ਨ ਨਵੇਂ ਚੀਫ ਜਸਟਿਸ ਰੰਜਨ ਗੋਗੋਈ ਦੇ ਬੈਂਚ ਮੂਹਰੇ ਲੱਗੀ ਹੋਈ ਸੀ। ਮੈਂ ਕਿਸੇ ਹੋਰ ਬੈਂਚ ਅੱਗੇ ਪੇਸ਼ ਹੋਣ ਜਾਣਾ ਸੀ। ਮੁੱਦਾ ਕਾਫੀ ਗੰਭੀਰ, ਪ੍ਰੰਤੂ ਮੁੱਢਲੀ ਸਟੇਜ ਤੇ ਸੀ, ਇਸ ਲਈ ਇੱਥੇ ਮੇਰਾ ਹਾਜ਼ਰ ਰਹਿਣਾ ਜ਼ਰੂਰੀ ਸੀ। ਛੇ ਪੁਲਿਸ ਅਫਸਰ ਜਿਹਨਾਂ ਨੂੰ ਕਤਲ ਦੇ ਦੋਸ਼ ਹੇਠਾਂ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਸੀ, ਅਜੇ ਵੀ ਪੰਜਾਬ ਸਰਕਾਰ ਦੇ ਪੁਲਿਸ ਮਹਿਕਮੇ ਵਿੱਚ ਨੌਕਰੀ ਕਰ ਰਹੇ ਸਨ।

ਅਚਾਨਕ ਮੈਨੂੰ ਰਾਜਵਿੰਦਰ ਸਿੰਘ ਬੈਂਸ ਐਡਵੋਕੇਟ ਵਿਖਾਈ ਦਿੱਤੇ। ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਜੇ ਮੈਂ ਸਮੇਂ ਸਿਰ ਵਾਪਸ ਨਾਂ ਆ ਸਕਾਂ ਤਾਂ ਉਹ ਮੇਰੀ ਥਾਂ ’ਤੇ ਖੜ੍ਹੇ ਹੋ ਕੇ ਕੇਵਲ ਇੰਨਾ ਹੀ ਕਹਿ ਦੇਣਾ ਕਿ ਪ੍ਰਤਿਵਾਦੀ ਪੁਲਿਸ ਅਫਸਰ ਕਤਲ ਦੇ ਦੋਸ਼ ਹੇਠਾਂ ਉਮਰ ਕੈਦ ਦੀ ਸਜ਼ਾ ਮਿਲਣ ਦੇ ਬਾਵਜੂਦ ਨੌਕਰੀ ਕਰ ਰਹੇ ਹਨ।

ਕੁਝ ਚਿਰ ਬਾਅਦ ਮੈਂ ਜਦ ਵਾਪਸ ਆ ਰਿਹਾ ਸੀ ਤਾਂ ਮੈਨੂੰ ਰਾਜਵਿੰਦਰ ਸਿੰਘ ਬੈਂਸ ਹਾਈਕੋਰਟ ਦੇ ਗੇਟ ਨੰਬਰ ਇੱਕ ਵਾਲੀਆਂ ਪੌੜੀਆਂ ਕੋਲ ਆਉਂਦੇ ਮਿਲੇ। ਉਹਨਾਂ ਨੇ ਮੈਨੂੰ ਦੱਸਿਆ, “ਚੀਫ ਜਸਟਿਸ ਦੇ ਬੈਂਚ ਨੇ ਛੇ ਦੇ ਛੇ ਪੁਲਿਸ ਅਫਸਰਾਂ ਨੂੰ ਨੌਕਰੀ ਵਿੱਚੋਂ ਕੱਢਣ ਦੇ ਹੁਕਮ ਸੁਣਾ ਦਿੱਤੇ ਹਨ।” ਮੈਂ ਹੱਕਾ ਬੱਕਾ ਰਹਿ ਗਿਆ, ਕਿਉਂਕਿ ਅਜੇ ਤੱਕ ਤਾਂ ਉਹਨਾਂ ਪੁਲਿਸ ਮੁਲਾਜ਼ਮਾ’ ਨੇ ਆਪਣਾ ਜਵਾਬ ਦਾਵਾ ਵੀ ਦਾਇਰ ਨਹੀਂ ਸੀ ਕੀਤਾ। ਚੀਫ ਜਸਟਿਸ ਨੇ ਆਪਣੇ ਹੁਕਮ ਵਿੱਚ ਕੇਵਲ ਇੰਨਾ ਹੀ ਲਿਖਿਆ, “ਪੁਲਿਸ ਮੁਲਾਜਮ, ਜਿਹੜੇ ਕਤਲ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਪਾ ਚੁੱਕੇ ਹਨ, ਉਦੋਂ ਤੱਕ ਨੌਕਰੀ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਰਖਦੇ, ਜਦੋਂ ਤੱਕ ਉਹ ਉਪਰਲੀ ਅਦਾਲਤ ਵਿੱਚੋਂ ਬਰੀ ਨਹੀਂ ਹੋ ਜਾਂਦੇ।”

ਮੈਨੂੰ ਆਪਣੇ ਕੰਨਾਂ ’ਤੇ ਵਿਸ਼ਵਾਸ ਨਹੀਂ ਆ ਰਿਹਾ ਸੀ। ਮੈਂ ਭੱਜ ਕੇ ਕੋਰਟ ਦੇ ਰੀਡਰ ਸਾਹਿਬ ਕੋਲ ਗਿਆ ਤੇ ਉਹਨਾਂ ਨੂੰ ਉਸ ਦਿਨ ਦੇ ਆਰਡਰ ਦੇ ਬਾਰੇ ਪੁੱਛਿਆ। ਜਦ ਮੈਂ ਬਾਹਰ ਆਇਆ ਤਾਂ ਮੀਡਿਆ ਕਰਮੀ ਕੇਸ ਦੀ ਤਫਸੀਲ ਜਾਨਣ ਲਈ ਮੇਰਾ ਇੰਤਜਾਰ ਕਰ ਰਹੇ ਸਨ। ਸ਼ਾਇਦ ਉਹਨਾਂ ਨੂੰ ਫੈਸਲੇ ਦੀ ਭਿਣਕ ਮੇਰੇ ਤੋਂ ਪਹਿਲਾਂ ਪੈ ਗਈ ਸੀ।

## 2. ਸਜ਼ਾ ਯਾਫਤਾ ਨਿਗਰਾਨ ਇੰਜੀਨੀਅਰ

3 ਅਪ੍ਰੈਲ 2008 ਦੀ ਗੱਲ ਹੈ। ਹਰਿਆਨਾ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਦਾ ਇੱਕ ਸੀਨੀਅਰ ਅਧਿਕਾਰੀ ਮੇਰੇ ਕੋਲ ਆਇਆ। ਉਹ ਆਪਣੇ ਹੀ ਬੋਰਡ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਦੇ ਸਬੰਧ ਵਿੱਚ ਇੱਕ ਜਨ ਹਿੱਤ ਪਟੀਸ਼ਨ ਪਾਉਣ ਵਾਸਤੇ ਕਹਿ ਰਿਹਾ ਸੀ। ਮੈਨੂੰ ਉਸਦੇ ਕੇਸ ਵਿੱਚ ਦਮ ਨਹੀਂ ਨਜ਼ਰ ਆਉਂਦਾ ਸੀ। ਆਖਿਰ ਵਿੱਚ ਉਹ ਅੱਕ ਕੇ ਬੋਲਿਆ "ਤੁਸੀਂ ਕਿਸ ਕਿਸਮ ਦੇ ਵਿਸ਼ੇ ਤੇ ਜਨ ਹਿੱਤ ਪਟੀਸ਼ਨਾਂ ਪਾਉਂਦੇ ਹੋ ?" ਮੈਂ ਉਸਨੂੰ ਮਿਸਾਲ ਦੇ ਕੇ ਕਿਹਾ "ਕੋਈ ਸਜ਼ਾ ਯਾਫਤਾ ਮੁਲਾਜ਼ਮ ਤੁਹਾਡੇ ਮਹਿਕਮੇ ਵਿੱਚ ਨੌਕਰੀ ਕਰ ਰਿਹਾ ਹੋਵੇ ਤਾਂ ਦੱਸੋ।" ਉਸਨੇ ਉੱਛਲ ਕੇ ਕਿਹਾ "ਸਾਡਾ ਨਿਗਰਾਨ ਇੰਜੀਨੀਅਰ।" ਉਸਨੇ ਹੋਰ ਵਿਸਥਾਰ ਵਿੱਚ ਜਾਂਦੇ ਹੋਏ ਦੱਸਿਆ, "ਇਸ ਅਫਸਰ ਨੂੰ ਕੁਰੱਪਸ਼ਨ ਦੇ ਕੇਸ ਵਿੱਚ ਸਜ਼ਾ ਮਿਲਣ ਤੋਂ ਬਾਅਦ ਪਿਛਲੀ ਤਾਰੀਖ ਤੋਂ ਤਰੱਕੀ ਦੇ ਦਿੱਤੀ ਗਈ ਹੈ।" ਮੈਂ ਤੁਰੰਤ ਜਨ ਹਿੱਤ ਪਟੀਸ਼ਨ ਹਾਈ ਕੋਰਟ ਵਿੱਚ ਦਾਇਰ ਕਰ ਦਿੱਤੀ। ਉਪਰੋਕਤ ਸੰਸਥਾ ਦੇ ਬੋਰਡ ਨੇ ਅਗਲੇ ਕੁੱਝ ਦਿਨਾਂ ਵਿੱਚ ਹੀ ਆਪਣੀ ਬੈਠਕ ਬੁਲਾ ਕੇ ਉਸ ਅਫ਼ਸਰ ਨੂੰ ਨੌਕਰੀ ਵਿੱਚੋਂ ਕੱਢ ਦਿੱਤਾ। ਇਸ ਉਪਰੰਤ 15 ਮਈ 2008 ਵਾਲੇ ਦਿਨ ਹਾਈ ਕੋਰਟ ਨੇ ਜਨ ਹਿੱਤ ਪਟੀਸ਼ਨ ਨੂੰ "ਖ਼ਤਮ ਹੋਈ" ਘੋਸ਼ਿਤ ਕਰਕੇ ਉਸ ਦਾ ਨਿਪਟਾਰਾ ਕਰ ਦਿੱਤਾ।

ਇਸ ਤਰ੍ਹਾਂ ਇੱਕ ਹੋਰ ਭ੍ਰਿਸ਼ਟ ਅਧਿਕਾਰੀ ਸਰਕਾਰੀ ਤੰਤਰੀ ਵਿੱਚੋਂ 'ਰਵਾਨਾ' ਹੋ ਗਿਆ।



## 3. ਮੁੱਖ ਮੰਤਰੀ ਵਲੋਂ ਸੁਰੱਖਿਆ ਛੱਤਰੀ



**ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ**

ਇੱਕ ਅਫਸਰ ਜਿਹੜਾ ਡਾਇਰੈਕਟਰ ਇੰਡਸਟਰੀ ਅਤੇ ਕਮਰਸ ਚੰਡੀਗੜ੍ਹ ਦੇ ਅਧੀਨ ਇੱਕ ਉੱਚ ਪਦਵੀ 'ਤੇ ਤੈਨਾਤ ਸੀ, ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਸਜ਼ਾ ਮਿਲ ਜਾਣ ਦੇ ਬਾਵਜੂਦ ਨੌਕਰੀ ਵਿੱਚ ਬਰਕਰਾਰ ਸੀ। ਕੈਦ ਦੀ ਸਜ਼ਾ ਮਿਲ ਜਾਣ ਉਪਰੰਤ ਜ਼ਮਾਨਤ ਤੇ ਬਾਹਰ ਆ ਚੁੱਕਾ ਸੀ। ਉਸਦੀ ਫਾਈਲ ਉਸ ਸਮੇਂ ਦੇ ਮੁੱਖ ਮੰਤਰੀ ਸਾਹਿਬ ਕੋਲ ਹੁਕਮਾਂ ਲਈ ਭੇਜੀ ਗਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੜਾ ਅਜੀਬ ਹੁਕਮ ਲਿਖ ਸੁਣਾਇਆ। ਉਹਨਾਂ ਲਿਖਿਆ "ਜੇਕਰ ਇਸ ਕਰਮਚਾਰੀ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਂਦਾ ਹੈ ਤਾਂ ਇਸ ਨੂੰ ਇੱਕ ਦੋਸ਼ ਲਈ ਦੋ ਸਜ਼ਾਵਾ ਮਿਲਣਗੀਆਂ। ਇਹ ਨੌਕਰੀ ਚੋਂ ਵੀ ਨਿਕਲ ਜਾਵੇਗਾ ਅਤੇ ਰਿਟਾਇਰਮੈਂਟ ਉਪਰੰਤ ਮਿਲਣ ਵਾਲੇ ਲਾਭਾਂ ਤੋਂ ਵੀ ਵਾਂਝਾ ਹੋ ਜਾਵੇਗਾ। ਇਸ ਲਈ ਇਸ ਕਰਮਚਾਰੀ ਨੂੰ ਨੌਕਰੀ ਵਿੱਚੋਂ ਕੱਢਣ ਦਾ ਪ੍ਰਸਤਾਵ ਰੱਦ ਕੀਤਾ ਜਾਂਦਾ ਹੈ।" ਉਹ ਮੁੱਖ ਮੰਤਰੀ ਬਦਲੇ ਅਤੇ ਨਵੇਂ ਮੁੱਖ ਮੰਤਰੀ ਵੀ ਆ ਗਏ ਪ੍ਰੰਤੂ ਦਿਲਚਸਪ ਗੱਲ ਇਹ ਸੀ ਕਿ ਵਿਭਾਗ ਵਲੋਂ ਚੀਫ ਸੈਕਰੇਟਰੀ ਨੂੰ ਭੇਜੀ ਗਈ ਸਜ਼ਾ ਯਾਫਤਾ ਕਰਮਚਾਰੀਆਂ ਦੀ ਲਿਸਟ ਵਿੱਚ ਇਸ ਉੱਚ ਅਧਿਕਾਰੀ ਦਾ ਨਾਂ ਸ਼ਮਿਲ ਹੀ ਨਹੀਂ ਕੀਤਾ ਗਿਆ ਸੀ।

ਮੇਰੇ ਵੱਲੋਂ ਅਜਿਹੇ ਸਜ਼ਾ ਯਾਫਤਾ ਅਧਿਕਾਰੀਆਂ ਨੂੰ ਨੌਕਰੀਆਂ ਵਿੱਚੋਂ ਕੱਢਣ ਵਾਸਤੇ ਪਾਈ ਗਈ ਜਨ ਹਿੱਤ ਪਟੀਸ਼ਨ ਦਾ ਨੋਟਿਸ ਮਿਲਣ ਉਪਰੰਤ ਵਿਭਾਗ ਨੇ ਇਸ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕਰਕੇ ਹਾਈ ਕੋਰਟ ਵਿੱਚ ਹਲਫਨਾਮਾ ਦਾਇਰ ਕਰ ਦਿੱਤਾ। ਇਸ ਪ੍ਰਕਾਰ ਇਸ ਜਨ ਹਿੱਤ ਪਟੀਸ਼ਨ ਉੱਪਰ ਵੀ 18 ਨਵੰਬਰ 2008 ਵਾਲੇ ਦਿਨ ਸਫਲਤਾ ਪੂਰਵਕ 'ਸਮਾਪਤੀ' ਦਾ ਪਰਦਾ ਪੈ ਗਿਆ।

# 4. ਨਵੇਕਲਾ ਸੰਘਰਸ਼


5 ਅਗਸਤ 2006 ਤੋਂ ਮੈਂ ਇੱਕ ਵੱਖਰੇ ਸੰਘਰਸ਼ ਦੀ ਸ਼ੁਰੂਆਤ ਕੀਤੀ। ਮੈਂ ਇੱਕ ਮੰਗ ਪੱਤਰ ਆਪਣੇ ਪੁਰਾਣੇ ਪਟੀਸ਼ਨਰਾਂ ਵਲੋਂ ਭੇਜਣ ਲਈ ਬਣਾਇਆ ਜਿਹਨਾਂ ਦੀਆਂ ਪਟੀਸ਼ਨਾਂ ਸੁਣਵਾਈ ਲਈ ਮਨਜ਼ੂਰ ਹੋ ਚੁੱਕੀਆਂ ਸਨ, ਪ੍ਰੰਤੂ ਉਹਨਾਂ ਦੀ ਬਕਾਇਦਾ ਸੁਣਵਾਈ ਲਈ ਵਾਰੀ ਨਹੀਂ ਆ ਰਹੀ ਸੀ। ਮੈਂ ਅਜਿਹੇ ਮੰਗ ਪੱਤਰ ਕਈ ਪਟੀਸ਼ਨਰਾਂ ਤੋਂ ਦਸਤਖਤ ਕਰਵਾ ਕੇ ਕੇਂਦਰੀ ਕਾਨੂੰਨ ਮੰਤਰੀ ਅਤੇ ਚੀਫ ਜਸਟਿਸ ਆਫ ਇੰਡੀਆ ਨੂੰ ਭਿਜਵਾਏ।

ਇਹਨਾਂ ਮੰਗ ਪੱਤਰਾਂ ਵਿੱਚ ਹੋਰ ਮੰਗਾਂ ਤੋਂ ਇਲਾਵਾ, ਹਾਈ ਕੋਰਟ ਵਿੱਚ ਡਬਲ ਬੈਂਚ ਤੋੜ ਕੇ ਸਿੰਗਲ ਬੈਂਚ ਬਨਾਉਣ ਦੀ ਮੰਗ ਕੀਤੀ ਗਈ ਸੀ।

ਮੇਰੇ ਲਈ ਇਹ ਬਹੁਤ ਹੀ ਰਾਹਤ ਵਾਲੀ ਸੂਚਨਾ ਸੀ ਜਦੋਂ ਦਿੱਲੀ ਹਾਈ ਕੋਰਟ ਤੋਂ ਉੱਨਤੀ 'ਤੇ ਆਏ ਜਸਟਿਸ ਤੀਰਥ ਸਿੰਘ ਠਾਕੁਰ ਸਾਡੇ ਹਾਈ ਕੋਰਟ ਵਿੱਚ ਚੀਫ ਜਸਟਿਸ ਬਣ ਕੇ ਆਏ ਤਾਂ 17 ਦਸੰਬਰ 2008 ਨੂੰ ਉਹਨਾਂ ਨੇ ਪੂਰੀ ਅਦਾਲਤ ਤੋਂ ਫੈਸਲਾ ਕਰਵਾ ਕੇ ਇੱਕ ਹੁਕਮ ਜਾਰੀ ਕੀਤਾ ਕਿ 11 ਡਬਲ ਬੈਂਚਾਂ ਵਿੱਚੋਂ ਪੰਜ ਡਬਲ ਬੈਂਚਾਂ ਨੂੰ ਤੋੜ ਦਿੱਤਾ ਜਾਵੇ ਅਤੇ ਕੇਵਲ ਛੇ ਡਬਲ ਬੈਂਚ ਹੀ ਰਹਿਣਗੇ। ਉਸ ਦਿਨ ਤੋਂ ਬਾਅਦ ਸਿਰਫ਼ ਮਹੱਤਵਪੂਰਨ ਮਾਮਲੇ ਹੀ ਡਬਲ ਬੈਂਚਾਂ ਕੋਲ ਜਾਂਦੇ ਹਨ। ਹਾਈਕੋਰਟ ਦੇ ਪੰਜ ਡਬਲ ਬੈਂਚ ਬੰਦ ਕਰਵਾਉਣੇ ਅਹਿਮ ਗੱਲ ਸੀ ਕਿਉਂਕਿ ਇਸ ਤਰ੍ਹਾਂ ਪੰਜ ਜੱਜ ਸਾਹਿਬਾਨ ਹੋਰ ਅਦਾਲਤਾ ਲਈ ਬਚਾ ਲਏ ਗਏ ਸਨ।



# 5. ਅਦਾਲਤ ਵਿੱਚ ਸ਼ਰਾਬ ਉੱਪਰ ਬਹਿਸ


**ਜਸਟਿਸ ਜਗਦੀਸ਼ ਸਿੰਘ ਖੇਹਰ**

31 ਅਕਤੂਬਰ 2006 ਦਾ ਦਿਨ ਸੀ। ਜਸਟਿਸ ਜਗਦੀਸ਼ ਸਿੰਘ ਖੇਹਰ ਜੀ ਦੇ ਡਬਲ ਬੈਂਚ ਮੂਹਰੇ ਮੇਰੀ ਇੱਕ ਮਹੱਤਵਪੂਰਣ ਪਟੀਸ਼ਨ ਸੁਣਵਾਈ ਲਈ ਲੱਗੀ ਹੋਈ ਸੀ। ਇਸ ਪਟੀਸ਼ਨ ਵਿੱਚ ਮੈਂ ਤਿੰਨ ਕ੍ਰਿਕਟ ਖਿਡਾਰੀਆਂ, ਹਰਭਜਨ ਸਿੰਘ, ਮਹਿੰਦਰ ਸਿੰਘ ਧੋਨੀ ਅਤੇ ਯੁਵਰਾਜ ਸਿੰਘ ਵਲੋਂ ਰੌਇਲ ਸਟੈਗ ਵਿਸਕੀ ਨੂੰ ਪ੍ਰਮੋਟ ਕਰਨ ਵਾਲੇ ਇਸ਼ਤਿਹਾਰਾਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਸੀ।

ਮੈਂ ਉਸ ਵਕਤ ਹੈਰਾਨ ਰਹਿ ਗਿਆ ਜਦੋਂ ਜਸਟਿਸ ਜਗਦੀਸ਼ ਸਿੰਘ ਖੇਹਰ ਨੇ ਕਿਹਾ "ਮਿਸਟਰ ਅਰੋੜਾ, ਮੈਂ ਵਿਸਕੀ ਨਹੀਂ ਪੀਂਦਾ। ਪ੍ਰੰਤੂ ਮੇਰੇ ਪਿਤਾ ਜੀ ਵਿਸਕੀ ਪੀਂਦੇ ਸਨ। ਮੈਂ ਨਹੀਂ ਸਮਝਦਾ ਕਿ ਵਿਸਕੀ ਪੀਣ ਕਾਰਣ ਮੇਰੇ ਪਿਤਾ ਜੀ ਦੀ ਸਿਹਤ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਹੋਇਆ ਸੀ। ਤੁਸੀਂ ਕਿਸ ਅਧਾਰ ਤੇ ਕਹਿੰਦੇ ਹੋ ਕਿ ਵਿਸਕੀ ਪੀਣ ਨਾਲ ਸਿਹਤ ਨੂੰ ਨੁਕਸਾਨ ਹੁੰਦਾ ਹੈ ?"

ਜੇ ਕ੍ਰਿਕਟ ਦੀ ਭਾਸ਼ਾ ਵਿੱਚ ਲਿਖਾਂ ਤਾਂ ਕਹਿ ਸਕਦਾ ਹਾਂ ਕਿ ਮੇਰੀਆਂ ਗੁੱਲੀਆਂ ਉੱਡ ਗਈਆਂ ਸਨ। ਮੈਂ ਬਹੁਤ ਸੋਚ ਕੇ ਜਵਾਬ ਦਿੱਤਾ, "ਮਾਈ ਲਾਰਡ, ਕਿਸੇ ਧਾਰਣਾ ਦੇ ਅਧਾਰ 'ਤੇ ਇਸ ਤੱਥ ਦਾ ਫੈਸਲਾ ਕਰਨਾ ਉਚਿੱਤ ਨਹੀਂ ਹੋਵੇਗਾ।" ਫਿਰ ਮੈਂ ਉਹਨਾਂ ਨੂੰ ਸੁਪਰੀਮ ਕੋਰਟ ਦਾ ਇੱਕ ਫੈਸਲਾ ਵਿਖਾਇਆ ਤੇ ਬੇਨਤੀ ਕੀਤੀ "ਮਾਈ ਲਾਰਡ, ਸੁਪਰੀਮ ਕੋਰਟ ਦੇ ਇਸ ਫੈਸਲੇ ਵਿੱਚ ਸਪਸ਼ਟ ਲਿਖਿਆ ਹੈ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ।" ਜਸਟਿਸ ਖੇਹਰ ਨੇ ਸਵਾਲ ਕੀਤਾ "ਮਿਸਟਰ ਅਰੋੜਾ, ਇਹ ਦੱਸੋ ਕਿ ਹਾਈ ਕੋਰਟ ਨੂੰ ਅਜਿਹੇ ਮਸਲੇ ਵਿੱਚ ਦਖਲ ਦੇਣ ਦਾ ਕੀ ਅਧਿਕਾਰ ਹੈ ?" ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਜਵਾਬ ਦਿੱਤਾ "ਕ੍ਰਿਕਟਰ ਸਾਡੇ ਬੱਚਿਆਂ ਦੇ ਲਈ ਰੋਲ ਮਾਡਲ ਹਨ। ਜੇ ਰੋਲ ਮਾਡਲ ਹੀ ਸ਼ਰਾਬ ਨੂੰ ਪ੍ਰਮੋਟ ਕਰਨ ਲੱਗ ਜਾਂਦੇ ਹਨ, ਤਾਂ ਬੱਚਿਆਂ ਉੱਪਰ ਬਹੁਤ ਮਾੜਾ ਅਸਰ ਪਵੇਗਾ।"

ਮਾਨਯੋਗ ਜਸਟਿਸ ਖੇਹਰ ਦੇ ਬੈਂਚ ਨੇ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕਰ ਦਿੱਤੇ।

# 6. ਖਤਰਾ ਟਲ ਗਿਆ ਸੀ

ਜੁਲਾਈ 2013 ਦੇ ਅੰਤਿਮ ਦਿਨਾਂ ਦੀ ਗੱਲ ਹੈ। ਉਹਨੀਂ ਦਿਨੀ ਕਤਲ ਅਤੇ ਬਲਾਤਕਾਰ ਦੇ ਸਜ਼ਾ ਯਾਫਤਾ ਕੈਦੀਆਂ ਨੂੰ ਜੇਲ੍ਹਾਂ ਵਿੱਚ ਬੀ ਕਲਾਸ ਸਹੂਲਤਾਂ ਦੇਣ ਵਿਰੁੱਧ ਦਾਇਰ ਮੇਰੀ ਜਨ ਹਿੱਤ ਪਟੀਸ਼ਨ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਬੀ ਕਲਾਸ ਸਹੂਲਤਾਂ ਵਾਲੇ ਕੈਦੀ ਨੂੰ ਬੇਹਤਰ ਖੁਰਾਕ, ਅੰਡਾ, ਦੁੱਧ ਤੋਂ ਇਲਾਵਾ ਅਖਬਾਰ ਰਸਾਲੇ, ਜ਼ਿਆਦਾ ਮੁਲਾਕਾਤਾਂ ਦੀ ਸੁਵਿਧਾ ਅਤੇ ਰਾਤ ਨੂੰ ਸੌਣ ਲਈ ਮੰਜਾ ਆਦਿ ਮਿਲਦੇ ਹਨ।

ਅਚਾਨਕ ਇੱਕ ਦਿਨ ਹਰਿਆਣੇ ਦਾ ਰਹਿਣ ਵਾਲਾ ਆਦਮੀ ਮੇਰੇ ਹਾਈ ਕੋਰਟ ਵਾਲੇ ਚੈਂਬਰ ਵਿੱਚ ਦਾਖਲ ਹੋਇਆ। ਉਸਨੇ ਦੱਸਿਆ ਕਿ ਉਹ ਮੈਨੂੰ ਮਿਲਣ ਆਇਆ ਸੀ। ਮਨੋਰਥ ਪੁੱਛਣ ਤੇ ਉਸ ਨੇ ਮੈਨੂੰ ਸਿੱਧਾ ਸਵਾਲ ਕੀਤਾ, "ਜੇਕਰ ਜੇਲ੍ਹ ਵਿੱਚ ਕਿਸੇ ਕੈਦੀ ਨੂੰ ਬੀ ਕਲਾਸ ਦੀਆਂ ਸਹੂਲਤਾਂ ਮਿਲਦੀਆਂ ਹਨ ਤਾਂ ਤੁਹਾਨੂੰ ਇਸ 'ਤੇ ਕੀ ਤਕਲੀਫ ਹੈ।" ਮੈਂ ਅੰਦਰ ਤੱਕ ਹਿੱਲ ਗਿਆ। ਸੋਚ ਵਿੱਚ ਪੈ ਗਿਆ ਕਿ ਇਸ ਬਲਾ ਨੂੰ ਕਿਵੇਂ ਟਾਲਾਂ। ਮੈਂ ਉੱਤਰ ਦਿੱਤਾ "ਮੇਰਾ ਸਪੱਸ਼ਟ ਮੱਤ ਹੈ ਕਿ ਸਾਰੇ ਕੈਦੀਆਂ ਨੂੰ ਇੱਕੋ ਜਿਹੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਕਿਸੇ ਵੀ ਅਧਾਰ 'ਤੇ ਕਿਸੇ ਵੀ ਕੈਦੀ ਨੂੰ ਵਾਧੂ ਸਹੂਲਤ ਨਹੀਂ ਮਿਲਣੀ ਚਾਹੀਦੀ।" ਮੈਂ ਉਸਨੂੰ ਦੱਸਿਆ, "ਮੈਂ ਚਾਹੁੰਦਾ ਹਾਂ ਸਾਰੇ ਕੈਦੀਆਂ ਨੂੰ ਹੀ ਘਰ ਵਰਗੀਆਂ ਸਹੂਲਤਾਂ ਮਿਲਣ।" ਉਹ ਵਿਅਕਤੀ ਜੋ ਹਰਿਆਣੇ ਦੀ ਕਿਸੇ ਜੇਲ੍ਹ ਵਿੱਚ ਕਤਲ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ, ਸੰਤੁਸ਼ਟ ਹੋਇਆ ਲੱਗਾ।

ਮੌਕੇ ਦਾ ਫਾਇਦਾ ਉਠਾਉਣ ਲਈ ਮੈਂ ਉਸਨੂੰ ਸਵਾਲ ਕੀਤਾ "ਵੈਸੇ ਤੁਸੀਂ ਘੱਟ ਪੜ੍ਹੇ ਲਿਖੇ ਹੁੰਦੇ ਹੋਏ ਵੀ ਬੀ ਕਲਾਸ ਸਹੂਲਤਾਂ ਲੈ ਕਿਵੇਂ ਲੈਂਦੇ ਹੋ ?" ਉਸਨੇ ਮੈਨੂੰ ਸਪੱਸ਼ਟ ਜਵਾਬ ਦਿੱਤਾ "ਅਸੀਂ ਆਪਣੀ ਆਮਦਨ ਦੀਆਂ ਪਿਛਲੇ ਕੁਝ ਸਾਲਾਂ ਦੀਆਂ ਰਿਟਰਨਾਂ ਬਣਵਾ ਕੇ ਆਪਣੇ ਆਪ ਨੂੰ ਇਨਕਮ ਟੈਕਸ ਦੇਣ ਵਾਲਾ ਨਾਗਰਿਕ ਵਿਖਾ ਕੇ ਜੇਲ੍ਹ ਵਿੱਚ ਅੱਛੀਆਂ ਸੁਵਿਧਾਵਾਂ ਲੈਣ ਦੇ ਪਾਤਰ ਬਣਾ ਲੈਂਦੇ ਹਾਂ।" ਮੈਨੂੰ ਲੱਗਾ ਉਸ ਦਿਨ ਮੈਂ ਉਸ ਆਦਮੀ ਤੋਂ ਇੱਕ ਨਵੀਂ ਗੱਲ ਸਿੱਖ ਲਈ ਸੀ।

ਕੁਝ ਹੋਰ ਗੱਲਾਂ ਬਾਤਾਂ ਕਰਨ ਤੋਂ ਬਾਅਦ ਜਦੋਂ ਉਹ ਵਾਪਸ ਗਿਆ ਤਾਂ ਮੈਨੂੰ ਲੱਗਾ ਕਿ ਖਤਰਾ ਟਲ ਗਿਆ ਹੈ।



# 7. ਅੰਨਾ ਸਿਰਫ ਇੱਕੋ ਹੀ ਨਹੀਂ



ਅੱਜ ਅੰਨਾ ਹਜ਼ਾਰੇ ਬੇਸ਼ਕ ਘੁੰਮਣ ਘੇਰੀ ਵਿੱਚ ਹੈ ਅਤੇ ਉਸਦਾ ਵਕਤ ਜਿਆਦਾ ਨਹੀਂ ਰਿਹਾ। ਪ੍ਰੰਤੂ ਇੱਕ ਵੇਲਾ ਸੀ ਜਦੋਂ ਸਾਰੇ ਦੇਸ਼ ਵਿੱਚ ਅੰਨਾ ਹਜ਼ਾਰੇ ਦੀ ਤੂਤੀ ਬੋਲਦੀ ਸੀ। ਇਹੀ ਵੇਲਾ ਸੀ ਜਦੋਂ 10 ਜੂਨ 2012 ਵਾਲੇ ਦਿਨ "ਹਿੰਦੋਸਤਾਨ ਟਾਈਮਜ਼' ਅਖਬਾਰ ਵਿੱਚ ਕੁੱਲ ਹਿੰਦ ਪੱਧਰ ਤੇ ਇੱਕ ਪੂਰੇ ਸਫੇ ਦਾ ਇਸ਼ਤਿਹਾਰ ਨੁਮਾਂ ਫੀਚਰ ਛਪਿਆ ਸੀ, ਜਿਸਦਾ ਸਿਰਲੇਖ ਸੀ :"ਅੰਨਾ ਸਿਰਫ਼ ਇੱਕੋ ਹੀ ਨਹੀਂ।" ਇਸ ਵਿੱਚ ਦੇਸ਼ ਭਰ ਵਿੱਚੋਂ 8 ਸਮਾਜਿਕ ਕਾਰਕੁੰਨਾਂ ਦੇ ਕੰਮਾਂ ਉੱਪਰ ਰੋਸ਼ਨੀ ਪਾਈ ਗਈ ਸੀ; 1. ਐਸ.ਆਰ. ਹੀਰੇਮਥ (ਕਰਨਾਟਕਾ), 2. ਆਨੰਦ ਰਾਏ (ਇੰਦੋਰ), 3. ਸ਼ਿਵ ਪ੍ਰਕਾਸ਼ ਰਾਏ (ਬਿਹਾਰ), 4. ਵਰਸ਼ਾ ਦੇਸ਼ਪਾਂਡੇ (ਮੁੰਬਈ), 5. ਸਿਮਰਪ੍ਰੀਤ ਸਿੰਘ (ਮੁੰਬਈ), 6. ਅਖਿਲ ਗਗੋਈ (ਗੁਹਾਟੀ), 7. ਭਾਇਆ ਜੀ (ਲਖਨਊ), 8. ਐਚ.ਸੀ. ਅਰੋੜਾ (ਚੰਡੀਗੜ੍ਹ)।

ਇਸ ਫੀਚਰ ਦੀਆਂ ਹੇਠ ਲਿਖੀਆਂ ਸਿਰਫ਼ ਚਾਰ ਪੰਕਤੀਆਂ ਬਹੁਤ ਕੁਝ ਬੋਲ ਰਹੀਆਂ ਸਨ :

"ਸਲਾਮ ਅੰਨਾ ਹਜ਼ਾਰੇ ਬੇਸ਼ੱਕ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਲੜਾਈ ਲਈ ਮੁੱਖ ਚਿਹਰਾ ਬਣਿਆ ਰਹੇਗਾ, ਪ੍ਰੰਤੂ ਇਸ ਲੜਾਈ ਵਿੱਚ ਉਹ ਕਿਸੇ ਵੀ ਤਰ੍ਹਾਂ ਇਕੱਲਾ ਨਹੀਂ, ਆਓ ਬਾਕੀ ਦੇ ਉਹਨਾਂ ਅੰਨਾ ਹਜ਼ਾਰਿਆਂ ਨੂੰ ਵੀ ਜਾਣੀਏ ਜਿਹੜੇ

ਪ੍ਰਤਿਬਧਤਾ ਨਾਲ ਸਾਸ਼ਨ ਤੰਤਰ ਵਿਰੁੱਧ ਲੜ ਰਹੇ ਹਨ, ਫਰਕ ਸਿਰਫ਼ ਇੰਨਾ ਹੈ ਇਹ ਸਾਰੇ ਰੋਸ਼ਨੀਆਂ ਤੋਂ ਪਰ੍ਹੇ ਰਹਿੰਦੇ ਹੋਏ ਲੜ ਰਹੇ ਹਨ।"

ਅਗਲੇ ਹਿੱਸੇ ਵਿੱਚ ਸਾਰੇ ਦੇ ਸਾਰੇ 8 ਕਾਰਕੁੰਨਾਂ ਦੇ ਕੰਮਾਂ ਨੂੰ ਵਿਸਥਾਰ ਵਿੱਚ ਦੱਸਿਆ ਗਿਆ ਸੀ। ਮੇਰੇ ਬਾਰੇ ਲਿਖਿਆ ਗਿਆ ਸੀ "ਹਰੀ ਚੰਦ ਅਰੋੜਾ (60) ਬੈਂਕਰ ਤੋਂ ਬਣਿਆ ਵਕੀਲ ਤੇ ਆਰ. ਟੀ. ਆਈ ਐਕਟਿਵਿਸਟ ਇਲਾਕਾ : ਪੰਜਾਬ ਹਰਿਆਣਾ ਤੇ ਚੰਡੀਗੜ੍ਹ।" ਮੇਰੀ ਤਸਵੀਰ ਵੀ ਲਗੀ ਹੋਣੀ ਸੀ।

ਅਗਲੇ ਹੀ ਦਿਨ ਪੰਜਾਬ ਦੇ ਇੱਕ ਬਹੁਤ ਹੀ ਸੀਨੀਅਰ ਆਈ. ਏ. ਐਸ. ਅਫਸਰ ਨੇ ਮੇਰੇ ਬਾਰੇ ਮੇਰੀ ਫੇਸ ਬੁੱਕ ਤੇ ਇਹ ਟਿੱਪਣੀ ਕੀਤੀ ਸੀ, "ਐਚ.ਸੀ. ਅਰੋੜਾ ਉਹਨਾਂ ਸਭਨਾਂ ਵਾਸਤੇ ਪ੍ਰੇਰਨਾ ਸਰੋਤ ਹੈ ਜਿਹੜੇ ਜਨਤਕ ਜ਼ਿੰਦਗੀ ਵਿੱਚ ਪਾਰਦਰਸ਼ਤਾ ਦੇ ਲਈ ਸੰਘਰਸ਼ ਕਰ ਰਹੇ ਹਨ। ਟੀਮ ਅੰਨਾ ਨੂੰ ਉਸ ਕੋਲੋਂ ਨਿਆਇਕ ਪ੍ਰਣਾਲੀ ਰਾਹੀਂ ਸਮਝਦਾਰੀ ਵਾਲੀ ਸੰਤੁਲਤ, ਗੈਰ-ਪੱਖਪਾਤੀ, ਲੋਕਾਂ ਨੂੰ ਮਗਰ ਲਾਉਣ ਦੀ ਇੱਛਾ ਤੋਂ ਰਹਿਤ ਅਤੇ ਨਤੀਜੇ ਦੇਣ ਵਾਲੀ ਨੀਤੀ ਸਿੱਖਣੀ ਚਾਹੀਦੀ ਹੈ।"



# 8. ਸੂਚਨਾ ਕਮਿਸ਼ਨ ਦੀ ਨਿਯੁਕਤੀ ਤੇ ਰੋਕ



**ਅਜੀਤ ਸਿੰਘ ਚੰਦੂ ਅਰਾਈਆਂ**

17 ਨਵੰਬਰ 2011 ਦੀ ਗੱਲ ਹੈ-ਅਖਬਾਰ ਵਿੱਚ ਖਬਰ ਆਈ ਸੀ ਕਿ ਪੰਜਾਬ ਸਰਕਾਰ ਦੀ ਚੋਣ ਕਮੇਟੀ ਨੇ ਬਗੈਰ ਕੋਈ ਅਰਜ਼ੀ ਮੰਗੇ ਹੀ ਸ. ਅਜੀਤ ਸਿੰਘ ਚੰਦੂ ਅਰਾਈਆਂ ਦੇ ਨਾਮ ਦੀ ਪੰਜਾਬ ਸੂਚਨਾ ਕਮਿਸ਼ਨ ਵਿੱਚ ਮੈਂਬਰ ਦੇ ਅਹੁਦੇ ਲਈ ਸਿਫਾਰਿਸ਼ ਕਰ ਦਿੱਤੀ ਸੀ। ਮੈਨੂੰ ਇੰਜ ਲਗਾ ਕਿ ਇਸ ਤਰ੍ਹਾਂ ਦੀ ਨਿਯੁਕਤੀ ਪਾਰਦਰਸ਼ਤਾ ਦੇ ਸਿਧਾਂਤ ਦੇ ਉਲਟ ਹੈ। ਸਮਾਂ ਬਹੁਤ ਥੋੜਾ ਸੀ। ਕਿਸੇ ਪਲ ਵੀ ਇਸ ਨਿਯੁਕਤੀ ਦਾ ਨੋਟੀਫਿਕੇਸ਼ਨ ਹੋ ਸਕਦਾ ਸੀ। ਜਲਦੀ-ਜਲਦੀ ਇੱਕ ਅਰਜ਼ੀ ਤਿਆਰ ਕੀਤੀ ਅਤੇ ਦਸ ਵਜਦਿਆਂ ਹੀ ਉਸ ਵੇਲੇ ਦੇ ਕਾਰਜਕਾਰੀ ਚੀਫ ਜਸਟਿਸ (ਸ਼੍ਰੀ ਐਮ.ਐਮ.ਕੁਮਾਰ) ਦੀ ਅਦਾਲਤ ਵਿੱਚ ਪਹੁੰਚ ਗਿਆ। ਮੌਕੇ ਦੀ ਨਜ਼ਾਕਤ ਦਾ ਜ਼ਿਕਰ ਕੀਤਾ ਅਤੇ ਬੇਨਤੀ ਕੀਤੀ ਕਿ ਮੇਰੀ ਅਰਜ਼ੀ ਨੂੰ ਜਲਦੀ ਤੋਂ ਜਲਦੀ ਸੁਣਿਆ ਜਾਵੇ। ਉਹਨਾਂ ਨੇ ਮੇਰੀ ਬੇਨਤੀ ਮੰਨ ਲਈ ਤੇ ਭੋਜਨ ਅਵਕਾਸ਼ ਤੋਂ ਬਾਅਦ ਉਸ ਅਰਜੀ ਨੂੰ ਸੁਣਨ ਦਾ ਹੁਕਮ ਦਿੱਤਾ। ਸੁਣਵਾਈ ਤੋਂ ਬਾਅਦ ਕਾਰਜਕਾਰੀ ਚੀਫ ਜਸਟਿਸ ਨੇ ਤੁਰੰਤ ਹੁਕਮ ਸੁਣਾਇਆ "ਪੰਜਾਬ ਸਰਕਾਰ ਉੱਤੇ ਕਿਸੇ ਵੀ ਵਿਅਕਤੀ ਨੂੰ ਬਗੈਰ ਕੋਈ ਪਾਰਦਰਸ਼ਕ ਵਿਧੀ ਅਪਣਾਏ ਸੂਚਨਾ ਕਮਿਸ਼ਨ ਦੇ ਅਹੁਦੇ ਤੇ ਲਗਾਉਣ ਲਈ ਅਗਲੇ ਹੁਕਮਾਂ ਤੱਕ ਰੋਕ ਲਗਾਈ ਜਾਂਦੀ ਹੈ।"

ਅਜੀਤ ਸਿੰਘ ਚੰਦੂ ਅਰਾਈਆਂ ਦੀ ਨਿਯੁਕਤੀ ਅੱਧ ਵਿੱਚ ਹੀ ਲਟਕ ਗਈ।

# 9. "ਬਹਾਦਰੀ ਸਨਮਾਨ ਪ੍ਰਾਪਤ ਸਜ਼ਾ ਯਾਫਤਾ ਪੁਲਿਸ ਅਧਿਕਾਰੀ"

17 ਨਵੰਬਰ 2011 ਦੀ ਗੱਲ ਹੈ ਸਜ਼ਾ ਯਾਫਤਾ ਪੁਲਸ ਅਧਿਕਾਰੀਆਂ ਦੇ ਵਿਰੁੱਧ ਮੇਰੇ ਵੱਲੋਂ ਦਾਖਲ ਕੀਤੀ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਸੁਣਵਾਈ ਦੇ ਦੌਰਾਨ ਪੰਜਾਬ ਸਰਕਾਰ ਵੱਲੋਂ ਇੱਕ ਹਲਫ਼ਨਾਮਾ ਦਾਇਰ ਕੀਤਾ ਗਿਆ ਜਿਸ ਵਿੱਚ ਕੁਝ ਉਹਨਾਂ ਪੁਲਿਸ ਅਧਿਕਾਰੀਆਂ ਦੇ ਨਾਂ ਸਨ ਜਿਹਨਾਂ ਨੂੰ ਸਜ਼ਾ ਯਾਫਤਾ ਹੋਣ ਕਰਕੇ ਨੌਕਰੀ ਵਿੱਚੋਂ ਕੱਢ ਦਿੱਤਾ ਗਿਆ ਸੀ। ਹਲਫ਼ਨਾਮੇ ਵਿੱਚ ਲਿਖੀਆਂ ਕੁਝ ਹੈਰਾਨੀਜਨਕ ਸਤਰਾਂ ਉੱਤੇ ਮੇਰੀ ਨਜ਼ਰ ਪੈ ਗਈ। ਲਿਖਿਆ ਹੋਇਆ ਸੀ ਕਿ ਇਕ ਡੀ. ਐਸ. ਪੀ. ਨੂੰ ਜਾਅਲ ਸਾਜ਼ੀ ਦੇ ਦੋਸ਼ ਵਿੱਚ ਦੋ ਸਾਲਾਂ ਦੀ ਸਜ਼ਾ ਹੋ ਜਾਣ ਦੇ ਬਾਵਜੂਦ ਨੌਕਰੀ ਵਿੱਚੋਂ ਕੱਢਿਆ ਨਹੀਂ ਗਿਆ ਸੀ ਕਿਉਂਕਿ ਪੰਜਾਬ ਸਰਕਾਰ ਨੇ ਉਸ ਦਾ ਕੇਸ ਗਵਰਨਰ ਸਾਹਿਬ ਕੋਲ ਉਸ ਨੂੰ ਖਿਮਾ ਦੇਣ ਲਈ ਭੇਜਿਆ ਹੋਇਆ ਸੀ।

ਮੈਂ ਤੁਰੰਤ ਇਹ ਨਾਜ਼ੁਕ ਮਸਲਾ ਡਬਲ ਬੈਂਚ (ਜਿਸ ਦੀ ਪ੍ਰਧਾਨਗੀ ਕਾਰਜਕਾਰੀ ਚੀਫ਼ ਜਸਟਿਸ ਐਮ.ਐਮ. ਕੁਮਾਰ ਕਰ ਰਹੇ ਸਨ) ਦੇ ਨੋਟਿਸ ਵਿੱਚ ਲਿਆਂਦਾ। ਉਹਨਾਂ ਨੇ ਤੁਰੰਤ ਸਰਕਾਰੀ ਕਾਨੂੰਨ ਅਧਿਕਾਰੀ ਨੂੰ ਮੌਖਿਕ ਆਦੇਸ਼ ਦਿੱਤਾ "ਗਵਰਨਰ ਸਾਹਿਬ ਦੇ ਦਫਤਰ ਚੋਂ ਇਹ ਮਿਸਲ ਵਾਪਸ ਲਿਆ ਕੇ ਦੁਪਹਿਰ ਬਾਅਦ ਕੋਰਟ ਵਿੱਚ ਪੇਸ਼ ਕੀਤੀ ਜਾਵੇ।" ਅਜਿਹਾ ਹੀ ਹੋਇਆ–ਮਿਸਲ ਦੁਪਹਿਰ ਬਾਅਦ ਕੋਰਟ ਵਿੱਚ ਪੇਸ਼ ਕੀਤੀ ਗਈ। ਸਰਕਾਰ ਨੇ ਦਲੀਲ ਦਿੱਤੀ "ਇਹ ਪੁਲਿਸ ਅਧਿਕਾਰੀ "ਬਹਾਦਰੀ ਦਾ ਸਨਮਾਨ" ਪ੍ਰਾਪਤ ਅਧਿਕਾਰੀ ਹੈ। ਇਸ ਲਈ ਇਸ ਦੇ ਕੇਸ ਵਿੱਚ ਨਰਮ ਰਵੱਈਆ ਅਪਣਾਇਆ ਜਾ ਰਿਹਾ ਹੈ।" ਪ੍ਰੰਤੂ ਇਹ ਦਲੀਲ ਅਦਾਲਤ ਨੂੰ ਪਰਵਾਨ ਨਹੀਂ ਹੋਈ। ਅਦਾਲਤ ਨੇ ਪੰਜਾਬ ਦੇ ਚੀਫ ਸੈਕਰੇਟਰੀ ਨੂੰ ਹੁਕਮ ਦਿੱਤਾ "ਇਸ ਅਧਿਕਾਰੀ ਨੂੰ ਨੌਕਰੀ ਵਿੱਚੋਂ ਕੱਢਣ ਲਈ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇ।"

ਅਜਿਹਾ ਹੀ ਹੋਇਆ ਅਗਲੇ ਕੁਝ ਦਿਨਾਂ ਵਿੱਚ ਉਸ ਪੁਲਿਸ ਅਧਿਕਾਰੀ ਨੂੰ ਨੌਕਰੀ ਵਿੱਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਸੀ।



# 10. ਹਾਈ ਕੋਰਟ ਵਲੋਂ ਅਦੁੱਤੀ ਨਿਆਂ



**ਅਮਰ ਪ੍ਰੇਮੀ ਮਨੋਜ ਅਤੇ ਬਬਲੀ**

30 ਮਾਰਚ, 2010 ਦੀ ਗੱਲ ਹੈ। ਅੰਗਰੇਜ਼ੀ ਅਖਬਾਰਾਂ ਵਿੱਚ ਮੋਟੀਆਂ ਸੁਰਖੀਆਂ ਸਨ, "ਕਰਨਾਲ ਦੇ ਕਰੋੜਾਂ ਪਿੰਡ ਵਿੱਚ ਦਹਿਸ਼ਤ ਦਾ ਮਹੌਲ–ਪਿੰਡ ਵਾਸੀਆਂ ਵਲੋਂ ਮਨੋਜ ਦੀ ਮਾਤਾ ਤੇ ਹਮਲੇ ਦੀ ਆਸ਼ੰਕਾ"–ਆਪ ਨੂੰ ਯਾਦ ਹੋਵੇਗਾ ਇਸ ਪਿੰਡ ਦੇ ਪ੍ਰੇਮੀ ਜੋੜੇ ਮਨੋਜ ਅਤੇ ਬਬਲੀ ਨੇ ਆਪਸ ਵਿੱਚ ਸ਼ਾਦੀ ਰਚਾ ਕੇ ਸਾਰੇ ਪਿੰਡ ਵਾਸੀਆਂ ਨੂੰ ਦੁਸ਼ਮਣ ਬਣਾ ਲਿਆ ਸੀ। ਇਸ ਮੁੱਦੇ 'ਤੇ ਬਾਲੀਵੁੱਡ ਦੀ ਇੱਕ ਚਰਚਿਤ ਫਿਲਮ ਵੀ ਬਣੀ ਸੀ। ਬਬਲੀ ਦੇ ਰਿਸ਼ਤੇਦਾਰਾਂ ਨੇ ਪੁਲਸ ਸੁਰੱਖਿਆ ਮਿਲੇ ਹੋਣ ਦੇ ਬਾਵਜੂਦ ਉਹਨਾਂ ਦੋਹਾਂ ਦਾ ਕਤਲ ਕਰ ਦਿੱਤਾ ਸੀ। ਕਰਨਾਲ ਦੀ ਐਡੀਸ਼ਨਲ ਸੈਸ਼ਨ ਜੱਜ ਵਾਨੀ ਗੋਪਾਲ ਵਰਮਾ ਨੇ ਦੋਸ਼ੀਆਂ ਨੂੰ ਅਪਰਾਧੀ ਕਰਾਰ ਦਿੰਦੇ ਹੋਏ 30 ਮਾਰਚ 2010 ਦਾ ਦਿਨ ਦੋਸ਼ੀਆਂ ਨੂੰ ਸਜ਼ਾ ਸੁਣਾਉਣ ਲਈ ਨਿਸ਼ਚਤ ਕੀਤਾ ਸੀ। ਅਖਬਾਰਾਂ ਵਿੱਚ ਕਿਆਸ ਅਰਾਈਆਂ ਸਨ ਕਿ ਸਜ਼ਾ ਮਿਲਦਿਆਂ ਹੀ ਪਿੰਡ ਵਾਸੀ ਮਨੋਜ ਦੀ ਬੁੱਢੀ ਮਾਂ ਉੱਤੇ ਹਮਲਾ ਕਰ ਸਕਦੇ ਹਨ।

ਮੇਰੇ ਦਿਮਾਗ਼ ਵਿੱਚ ਖਲਬਲੀ ਮਚੀ ਹੋਈ ਸੀ। ਦਸ ਵੱਜਦਿਆਂ ਹੀ ਮੈਂ ਸਿੱਧਾ

ਚੀਫ ਜਸਟਿਸ ਸ਼੍ਰੀ ਮੁਕੁਲ ਮੁਦਗਿੱਲ ਦੇ ਕੋਰਟ ਰੂਮ ਵਿੱਚ ਪਹੁੰਚ ਗਿਆ। ਜੱਜ ਸਾਹਿਬਾਨ ਦੇ ਕੁਰਸੀ ਤੇ ਬੈਠਦਿਆਂ ਹੀ ਗੁਹਾਰ ਲਗਾਈ "ਮਾਈ ਲਾਰਡ, ਮਨੋਜ ਦੀ ਮਾਂ ਚੰਦ੍ਰਪਤੀ ਨੂੰ ਸੁਰੱਖਿਆ ਦੇਣ ਦਾ ਹੁਕਮ ਜਾਰੀ ਕਰਨ ਲਈ ਵਿਚਾਰ ਕੀਤੀ ਜਾਵੇ।"

ਮੈਂ ਹੈਰਾਨ ਰਹਿ ਗਿਆ ਜਦੋਂ ਚੀਫ ਜਸਟਿਸ ਸਾਹਿਬ ਨੇ ਐਡੀਸ਼ਨਲ ਐਡਵੋਕੇਟ ਜਨਰਲ ਹਰਿਆਣਾ ਨੂੰ ਜ਼ੁਬਾਨੀ ਆਦੇਸ਼ ਸੁਣਾ ਦਿੱਤਾ। ਮੈਂ ਅਤੇ ਐਡੀਸ਼ਨਲ ਐਡਵੋਕੇਟ ਜਨਰਲ ਤੁਰੰਤ ਕੋਰਟ ਰੂਮ ਚੋਂ ਬਾਹਰ ਆਏ ਅਤੇ ਉਹਨਾਂ ਨੇ ਕਰਨਾਲ ਦੇ ਐਸ.ਐਸ.ਪੀ ਨੂੰ ਮੇਰੇ ਸਾਹਮਣੇ ਫੋਨ ਕਰਕੇ ਹਾਈ ਕੋਰਟ ਦੇ ਹੁਕਮਾਂ ਬਾਰੇ ਦੱਸਿਆ।

ਅਜੇ ਇੱਕ ਘੰਟਾ ਵੀ ਨਹੀਂ ਹੋਇਆ ਸੀ ਜਦੋਂ ਮਨੋਜ ਦੀ ਭੈਣ ਨੇ ਮੈਨੂੰ ਫੋਨ ਤੇ ਸੂਚਨਾ ਦਿੱਤੀ "ਹਰਿਆਣਾ ਪੁਲਸ ਦੀ ਭਰੀ ਹੋਈ ਇੱਕ ਬਸ ਉਹਨਾਂ ਦੇ ਪਿੰਡ ਪਹੁੰਚ ਗਈ ਹੈ।"



## 11. ਕੁਤਰੀਆਂ ਹੋਈਆਂ ਖ਼ਬਰਾਂ

ਇੱਕ ਅੰਗਰੇਜ਼ੀ ਅਖਬਾਰ ਦਾ ਸੰਪਾਦਕ ਮੇਰਾ ਪ੍ਰਸ਼ੰਸਕ ਹੁੰਦਾ ਸੀ। ਅਗਸਤ 2013 ਦੇ ਦੂਜੇ ਪਖਵਾੜੇ ਵਿੱਚ ਅਚਾਨਕ ਉਸ ਦਾ ਮੇਰੇ ਪ੍ਰਤੀ ਮੋਹ ਭੰਗ ਹੋ ਗਿਆ। ਹਾਈ ਕੋਰਟ ਵਾਲੇ ਪੱਤਰਕਾਰ ਨੂੰ ਮੌਖਿਕ ਹੁਕਮ ਸੁਣਾ ਦਿੱਤਾ ਗਿਆ ਕਿ ਸਾਡੇ ਅਖਬਾਰ ਵਿੱਚ ਐਚ. ਸੀ. ਅਰੋੜਾ ਦਾ ਨਾਂ ਨਹੀਂ ਛਪਣਾ ਚਾਹੀਦਾ। ਬਸ ਇੰਨਾ ਹੀ ਕਾਫੀ ਸੀ ਉਸ ਅਖ਼ਬਾਰ ਵਿੱਚ ਮੇਰੀਆਂ ਜਨ ਹਿੱਤ ਪਟੀਸ਼ਨਾਂ ਦੇ ਸਬੰਧ ਵਿੱਚ ਕੁਤਰੀਆਂ ਹੋਈਆਂ ਖਬਰਾਂ ਲੱਗਣੀਆਂ ਸ਼ੁਰੂ ਹੋ ਗਈਆਂ, ਜਿਵੇਂ ਕਿ "ਇੱਕ ਜਨ ਹਿੱਤ ਪਟੀਸ਼ਨ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ।" ਉਹ ਪਟੀਸ਼ਨ ਕਿਸ ਨੇ ਦਾਇਰ ਕੀਤੀ ਸੀ, ਇਸ ਬਾਰੇ ਚੁੱਪ ਵੱਟ ਲਈ ਜਾਂਦੀ ਸੀ। ਵਿੱਚੋਂ ਕੁਝ ਕੁ ਵਾਰੀ ਮੇਰੀਆਂ ਸੂਚਨਾ ਦੇ ਅਧਿਕਾਰ ਬਾਰੇ ਛਪੀਆਂ ਖਬਰਾਂ ਵਿੱਚ ਮੇਰਾ ਨਾਂ ਲਿਖਿਆ ਜਾਂਦਾ ਸੀ, ਪਰ ਜਨ ਹਿੱਤ ਪਟੀਸ਼ਨਾਂ ਵਿੱਚੋਂ ਮੇਰਾ ਨਾਂ ਸ਼ਾਇਦ "ਕਾਲੀ ਸੂਚੀ" ਵਿੱਚ ਪਾ ਦਿੱਤਾ ਗਿਆ ਸੀ। ਸਬੰਧਤ ਪੱਤਰਕਾਰਾਂ ਨੇ ਕਈ ਵਾਰੀ ਰੋਸ ਵੀ ਜਤਾਇਆ, ਪਰੰਤੂ ਸੰਪਾਦਕ ਸਾਹਿਬ ਟੱਸ ਤੋਂ ਮੱਸ ਨਾ ਹੋਏ। ਇਹ ਸਿਲਸਿਲਾ ਕੋਈ ਡੇਢ ਸਾਲ ਚਲਦਾ ਰਿਹਾ। ਜਦੋਂ ਉਹ ਪੱਤਰਕਾਰ ਉਸ ਅੰਗਰੇਜ਼ੀ ਅਖਬਾਰ ਨੂੰ ਛੱਡ ਗਿਆ ਤਾਂ ਜਨ ਹਿੱਤ ਪਟੀਸ਼ਨਾਂ ਦੀਆਂ ਖਬਰਾਂ ਵਿੱਚ ਮੇਰਾ ਨਾਂ ਫਿਰ ਤੋਂ ਛਪਣ ਲੱਗ ਗਿਆ। (ਸ਼ਾਇਦ ਸੰਪਾਦਕ ਸਾਹਿਬ ਇਹ ਗੱਲਤ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਮੇਰੇ ਨਾਂ ਛਾਪਣ ਵਿਰੁੱਧ ਪਾਬੰਦੀ ਉਸ ਨੇ ਨਹੀਂ ਬਲਕਿ ਸੰਬੰਧਤ ਪੱਤਰਕਾਰ ਨੇ ਹੀ ਲਗਾਈ ਸੀ) ਹੈਰਾਨੀ ਇਹ ਸੀ ਕਿ ਬਾਕੀ ਸਾਰੀਆਂ ਜਨ ਹਿੱਤ ਪਟੀਸ਼ਨਾਂ ਵਿੱਚ ਸੰਬੰਧਤ ਪਟੀਸ਼ਨ ਕਰਤਾਵਾਂ ਦਾ ਨਾਂ ਛਪਦਾ ਸੀ, ਪਰ ਮੇਰੀਆਂ ਪਟੀਸ਼ਨਾਂ ਵਿੱਚ ਮੈਨੂੰ ਅਲੋਪ ਕਰ ਦਿੱਤਾ ਜਾਂਦਾ ਸੀ।

## 12. ਪੀ.ਐਨ.ਡੀ.ਟੀ. ਕੇਸਾਂ ਦੀ ਵਾਪਸੀ ਰੁਕੀ

17 ਦਸੰਬਰ 2007 ਦੇ ਇੰਡੀਅਨ ਐਕਸਪ੍ਰੈਸ ਅਖਬਾਰ ਵਿੱਚ ਖਬਰ ਛਪੀ ਸੀ ਕਿ ਹੋਮ ਡਿਪਾਰਟਮੈਂਟ ਨੇ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਪੱਤਰ ਲਿਖ ਕੇ ਪੁੱਛਿਆ ਹੈ "ਕੀ ਇੱਥੋਂ ਦੇ ਡਾਕਟਰਾਂ ਵਿਰੁੱਧ ਚੱਲ ਰਹੇ 10 **ਪੀ. ਐਨ. ਡੀ. ਟੀ. ਐਕਟ** ਦੇ ਕੇਸ ਵਾਪਿਸ ਲੈ ਜਾ ਸਕਦੇ ਹਨ ?" ਅਖਬਾਰ ਵਿੱਚ ਇਹ ਵੀ ਛਪਿਆ ਸੀ ਕਿ ਡਿਪਟੀ ਕਮਿਸ਼ਨਰ ਸਾਹਿਬ ਨੇ ਹੋਮ ਡਿਪਾਰਟਮੈਂਟ ਦੀ ਚਿੱਠੀ ਜਿਲ੍ਹਾ ਅਟਾਰਨੀ ਨੂੰ ਮਾਰਕ ਕਰ ਦਿੱਤੀ ਹੈ।

ਖਬਰ ਪੜ੍ਹ ਕੇ ਮੈਂ ਬਹੁਤ ਦੁਖੀ ਹੋਇਆ। ਜਨ ਹਿੱਤ ਪਟੀਸ਼ਨ ਦਾਇਰ ਕਰਨ ਦਾ ਇਰਾਦਾ ਬਣਾ ਲਿਆ। 31 ਅਕਤੂਬਰ ਵਾਲੇ ਦਿਨ ਚੀਫ਼ ਜਸਟਿਸ ਹੁਰਾਂ ਦੀ ਅਦਾਲਤ ਨੇ ਮੇਰੀ ਜਨ ਹਿੱਤ ਪਟੀਸ਼ਨ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ। ਅਗਲੀ ਤਾਰੀਖ ਤੇ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਕਿ ਸਰਕਾਰ ਇਹਨਾਂ ਕੇਸਾਂ ਨੂੰ ਵਾਪਸ ਹੀ ਨਹੀਂ ਲੈ ਸਕਦੀ, ਕਿਉਂਕਿ ਇਹ ਸਾਰੇ ਦਸ ਦੇ ਦਸ "ਕੰਪਲੇਂਟ ਕੇਸ" ਸਨ।

ਇਹ ਗੱਲ ਇਕ ਬੁਝਾਰਤ ਬਣ ਕੇ ਰਹਿ ਗਈ ਕਿ ਜੇਕਰ ਸਰਕਾਰ ਇਹ ਕੇਸ ਵਾਪਸ ਨਹੀਂ ਲੈ ਸਕਦੀ ਸੀ ਤਾਂ ਹੋਮ ਡਿਪਾਰਟਮੈਂਟ ਨੂੰ ਉਪਰੋਕਤ ਚਿੱਠੀ ਲਿਖਣ ਦੀ ਕੀ ਜ਼ਰੂਰਤ ਸੀ।



## 13. ਥਾਣਿਆਂ ਵਿੱਚ ਜਨਾਨਾ ਪੁਲਿਸ ਲਈ ਵੱਖਰੇ ਪਖਾਨੇ




ਅਪ੍ਰੈਲ 2014 ਦੀ ਗੱਲ ਹੈ। ਮੋਹਾਲੀ ਦੇ 'ਡੀ.ਐਸ.ਪੀ' ਇੱਕ ਇਨਕੁਆਰੀ ਦੇ ਸਬੰਧ ਵਿੱਚ ਮੇਰੇ ਕੋਲ ਆਏ। ਉਹਨਾਂ ਨੇ ਮੈਨੂੰ ਦੱਸਿਆ ਕਿ ਪੰਜਾਬ ਦੇ ਥਾਣਿਆਂ ਵਿੱਚ ਜਨਾਨਾ ਪੁਲਸ ਲਈ ਵੱਖਰੇ ਪਖਾਨਿਆਂ ਦੀ ਭਾਰੀ ਕਮੀ ਹੈ। ਉਹਨਾਂ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਇਸ ਸਬੰਧ ਵਿੱਚ ਕੋਈ ਜਨ ਹਿੱਤ ਪਟੀਸ਼ਨ ਦਾਇਰ ਕਰਾਂ। ਮੈਨੂੰ ਮਸਲਾ ਬਹੁਤ ਗੰਭੀਰ ਲੱਗਿਆ, ਨਾਲ ਹੀ ਡਰ ਸੀ ਕਿ ਹਾਈ ਕੋਰਟ ਮੇਰੀ ਕੋਸ਼ਿਸ਼ ਨੂੰ ਪੁਲਸ ਦੇ ਮਾਮਲਿਆਂ ਵਿੱਚ ਦਖਲ ਨਾਂ ਸਮਝ ਲਵੇ। ਖੈਰ, ਰਿਹਾ ਨਾ ਗਿਆ। ਮੈਂ ਸਾਰੇ ਜਿਲ੍ਹਿਆਂ ਦੇ ਪੁਲਿਸ ਕਪਤਾਨਾਂ ਪਾਸੋਂ ਸੂਚਨਾ ਅਧਿਕਾਰ ਕਾਨੂੰਨ ਦੇ ਤਹਿਤ ਇਸ ਸੰਬੰਧੀ ਜਾਣਕਾਰੀ ਮੰਗ ਲਈ, ਜੋ ਕਿ ਸੁੰਨ ਕਰ ਦੇਣ ਵਾਲੀ ਸੀ।

ਮੈਂ ਉਪਰੋਕਤ ਜਾਣਕਾਰੀ ਦੇ ਅਧਾਰ 'ਤੇ ਜਨ ਹਿੱਤ ਪਟੀਸ਼ਨ ਦਾਖਲ ਕਰ ਦਿੱਤੀ। 28 ਮਈ 2014 ਨੂੰ ਚੀਫ ਜਸਟਿਸ ਦੇ ਬੈਂਚ ਵਲੋਂ ਸੁਣਵਾਈ ਦੌਰਾਨ ਪਹਿਲਾ ਹੀ ਸਵਾਲ ਪੁੱਛਿਆ ਗਿਆ ਕਿ ਮੈਨੂੰ ਪੁਲਿਸ ਦੇ ਮਾਮਲਿਆਂ ਵਿੱਚ ਦਿਲਚਸਪੀ ਕਿਉਂ ਸੀ। ਮੈਂ ਨਿਮਰਤਾ ਸਹਿਤ ਉੱਤਰ ਦਿੱਤਾ "ਮਾਈ ਲਾਰਡ, ਇਹ ਜਨਾਨਾ ਪੁਲਿਸ ਦੇ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ। ਉਹ ਵਿਚਾਰੀਆਂ ਸ਼ਾਇਦ ਅਜਿਹਾ ਮਸਲਾ ਉੱਚ ਅਧਿਕਾਰੀਆਂ ਦੇ ਮੂਹਰੇ ਉਠਾਉਣ ਦੀ ਹਿੰਮਤ ਨਹੀਂ ਕਰ ਸਕਦੀਆਂ।"

ਮੇਰਾ ਜਵਾਬ ਸੁਣਦਿਆਂ ਹੀ ਚੀਫ ਜਸਟਿਸ ਦੀ ਕੋਰਟ ਨੇ ਪੰਜਾਬ ਸਰਕਾਰ ਨੂੰ ਚਾਰ ਮਹੀਨੇ ਵਿੱਚ ਸਭ ਪੁਲਿਸ ਥਾਣਿਆਂ ਵਿੱਚ ਜਨਾਨਾਂ ਪੁਲਿਸ ਲਈ ਵੱਖਰੇ ਪਖਾਨੇ ਬਣਾਉਣ ਦਾ ਹੁਕਮ ਸੁਣਾਉਂਦੇ ਹੋਏ ਮੇਰੀ ਜਨ ਹਿੱਤ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ।

## 14. ਭਾੜੇ ਤੇ ਵਾਢੀ ਕਰਦੀਆਂ ਖਿਡਾਰਨਾਂ



14 ਅਪ੍ਰੈਲ, 2014 ਦੇ ਦੈਨਿਕ ਭਾਸਕਰ ਵਿੱਚ ਖਬਰ ਆਈ ਸੀ ਕਿ ਕੈਥਲ ਜਿਲ੍ਹੇ ਦੇ ਮਾਨਸ ਪਿੰਡ ਵਿੱਚ 4 ਧੀਆਂ ਜਿਹਨਾਂ ਨੇ ਸਾਡੇ ਦੇਸ਼ ਦੀਆਂ ਨੈਸ਼ਨਲ ਸਕੂਲ ਗੇਮਾਂ ਵਿੱਚ ਬਹੁਤ ਸਾਰੇ ਮੈਡਲ ਜਿਤ ਕੇ ਲਿਆਂਦੇ ਸਨ, ਜਿਮੀਦਾਰਾਂ ਦੇ ਖੇਤਾਂ ਵਿੱਚ ਕਣਕ ਦੀ ਵਾਢੀ ਕਰ ਰਹੀਆਂ ਸਨ। ਅਖ਼ਬਾਰ ਨੇ ਲਿਖਿਆ ਸੀ ਕਿ ਇਹਨਾਂ ਖਿਡਾਰਨਾਂ ਨੂੰ ਨੈਸ਼ਨਲ ਸਕੂਲ ਗੇਮਾਂ ਵਿੱਚ ਹਿੱਸਾ ਲੈਣ ਲਈ ਕਾਫੀ ਪੈਸਿਆਂ ਦੀ ਲੋੜ ਸੀ। ਇਸ ਤੋਂ ਇਲਾਵਾ ਇਹ ਖਬਰ ਵੀ ਛਪੀ ਸੀ ਕਿ ਹਰਿਆਣਾ ਸਰਕਾਰ ਨੇ ਆਪਣੀ ਖਿਡਾਰੀਆਂ ਨੂੰ 2013-2014 ਤੋਂ ਲੈ ਕੇ ਹੁਣ ਤੱਕ ਇਨਾਮੀਂ ਰਾਸ਼ੀ ਵੀ ਨਹੀਂ ਸੀ ਦਿੱਤੀ। ਇਹ ਖਬਰਾਂ ਪੜ੍ਹ ਕੇ ਮਨ ਬਹੁਤ ਦੁਖੀ ਹੋਇਆ। ਮੈਂ ਦੈਨਿਕ ਭਾਸਕਰ ਦੇ ਪੱਤਰਕਾਰ ਰਾਹੀਂ ਉਹਨਾਂ ਚਾਰ ਖਿਡਾਰਨਾਂ ਦੇ ਕੋਚ ਦਾ ਫੋਨ ਨੰਬਰ ਪਤਾ ਕਰਕੇ ਉਸ ਕੋਲੋਂ ਸਾਰੀ ਜਾਣਕਾਰੀ ਲਈ।

20 ਅਪ੍ਰੈਲ 2014 ਨੂੰ ਮੈਂ ਜਨ ਹਿੱਤ ਪਟੀਸ਼ਨ ਦਾਇਰ ਕਰ ਦਿੱਤੀ। ਹਰਿਆਣਾ ਸਰਕਾਰ ਨੇ ਨੋਟਿਸ ਦੇ ਜਵਾਬ ਵਿੱਚ ਦੱਸਿਆ ਕਿ ਬਜਟ ਵਿੱਚ ਪਾਸ ਖੇਡ ਇਨਾਮਾਂ ਦੀ ਸਾਰੀ ਰਾਸ਼ੀ ਕਾਮਨ ਵੈਲਥ ਦੇ ਇਨਾਮ ਜੇਤੂ ਖਿਡਾਰੀਆਂ ਉੱਪਰ ਖਰਚ ਹੋ ਗਈ ਸੀ, ਅਤੇ ਕੌਮੀ ਪੱਧਰ ਦੇ ਜੇਤੂ ਖਿਡਾਰੀਆਂ ਲਈ ਧਨ ਦੀ ਕਮੀ ਹੋ ਗਈ ਸੀ। ਆਖਿਰ ਹਾਈ ਕੋਰਟ ਦੇ ਦਖਲ ਕਰਣ ਹਰਿਆਣਾ ਸਰਕਾਰ ਨੇ ਅਜਿਹੇ 2146 ਖਿਡਾਰੀਆਂ ਨੂੰ ਕੋਈ 50 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡਣ ਦਾ ਐਲਾਨ ਕੀਤਾ ਅਤੇ ਅਗਸਤ ਦੇ ਮਹੀਨੇ ਵਿੱਚ ਬਾਕੀ ਦੇ ਸਾਰੇ ਖਿਡਾਰੀਆਂ ਨੂੰ ਵੀ ਇਨਾਮੀਂ ਰਾਸ਼ੀ ਵੰਡ ਦਿੱਤੀ ਗਈ।



## 15. ਪੁਲਿਸ ਦੁਆਰਾ ਸੇਵਾ ਸ਼ੁਲਕ

26 ਜਨਵਰੀ 2008 ਦੀ ਗੱਲ ਹੈ ਜਦੋਂ ਮੈਨੂੰ ਸੂਚਨਾ ਦਾ ਅਧਿਕਾਰ ਕਾਨੂੰਨ ਰਾਹੀਂ ਪੰਜਾਬ ਪੁਲਿਸ ਦੇ ਮੁੱਖ ਦਫਤਰ 'ਚੋਂ ਸਰਕੂਲਰ ਦੀ ਕਾਪੀ ਮਿਲੀ ਜਿਸ ਰਾਹੀਂ ਪੰਜਾਬ ਦੇ ਡੀ.ਜੀ.ਪੀ. ਸਾਹਿਬ ਨੇ ਸਮੂਹ ਜਿਲ੍ਹਾ ਪੁਲਿਸ ਕਪਤਾਨਾਂ ਨੂੰ ਪੁਲਿਸ ਵਲੋਂ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਉੱਪਰ ਸੇਵਾ ਸ਼ੁਲਕ ਪ੍ਰਾਪਤ ਕਰਨ ਦੇ ਹੁਕਮ ਦਿੱਤੇ ਸਨ। ਜਿਵੇਂ ਕਿ (1) ਪਾਸਪੋਰਟ ਦੇ ਸੰਬੰਧ ਵਿੱਚ ਪੜਤਾਲ ਕਰਨ ਦੀ ਫੀਸ 100 ਰੁਪਏ (2) ਅਸਲੇ ਦਾ ਲਾਇਸੈਂਸ ਬਣਾਉਣ ਸੰਬੰਧੀ ਪੜਤਾਲ ਦੀ ਫੀਸ 400 ਰੁਪਏ ਅਤੇ (3) ਸਮਾਜਿਕ ਫੰਕਸ਼ਨ ਦੇ ਮੌਕੇ 'ਤੇ ਲਾਉਡ ਸਪੀਕਰ ਲਗਾਉਣ ਦੀ ਇਜਾਜ਼ਤ ਲੈਣ ਲਈ 40 ਰੁਪਏ ਆਦਿ।

ਮੈਂਨੂੰ ਇਹ ਸਭ ਕੁਝ ਅਟਪਟਾ ਜਿਹਾ ਲੱਗਿਆ। ਇੰਜ ਲੱਗਾ ਜਿਵੇਂ ਰਿਸ਼ਵਤ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੋਵੇ। ਦੂਸਰਾ ਸਵਾਲ ਦਿਮਾਗ਼ ਵਿੱਚ ਇਹ ਆਇਆ ਕਿ ਡੀ.ਜੀ.ਪੀ. ਸਾਹਿਬ ਕੋਲ ਜਨਤਾ ਉੱਪਰ ਟੈਕਸ ਲਗਾਉਣ ਦਾ ਅਧਿਕਾਰ ਨਹੀਂ ਹੋ ਸਕਦਾ। ਅਜਿਹਾ ਅਧਿਕਾਰ ਸਿਰਫ਼ ਵਿਧਾਨ ਸਭਾ ਕੋਲ ਹੈ। ਇਹਨਾਂ ਦੋਹਾਂ ਨੁਕਤਿਆਂ ਨੂੰ ਅਧਾਰ ਬਣਾ ਕੇ ਮੈਂ 3 ਫਰਵਰੀ 2008 ਨੂੰ ਇੱਕ ਜਨ ਹਿੱਤ ਪਟੀਸ਼ਨ ਦਾਇਰ ਕਰ ਦਿੱਤੀ। ਚੀਫ਼ ਜਸਟਿਸ ਹੁਰਾਂ ਦੇ ਬੈਂਚ ਦੇ ਮੂਹਰੇ ਪਟੀਸ਼ਨ ਦੀ ਸੁਣਵਾਈ ਹੋਈ। ਉਹਨਾਂ ਨੇ ਪੈਂਦੀ ਸੱਟੇ ਹੀ ਪੰਜਾਬ ਸਰਕਾਰ ਦੇ ਵਕੀਲ ਨੂੰ ਬੜੀ ਸਖਤੀ ਨਾਲ ਹਿਦਾਇਤ ਕੀਤੀ "ਇਸ ਸਰਕੂਲਰ ਨੂੰ ਵਾਪਸ ਲਓ, ਵਰਨਾ ਸਾਨੂੰ ਇਸ ਨੂੰ ਰੱਦ ਕਰਨਾ ਪਵੇਗਾ।" 5 ਫਰਵਰੀ 2008 ਨੂੰ ਅਖਬਾਰਾਂ ਵਿੱਚ ਡੀ.ਜੀ.ਪੀ. ਸਾਹਿਬ ਦਾ ਬਿਆਨ ਛਪਿਆ ਕਿ ਉਹਨਾਂ ਨੇ ਆਪਣਾ ਸਰਕੂਲਰ ਵਾਪਿਸ ਲੈ ਲਿਆ ਸੀ।

ਦੋ ਕੁ ਦਿਨਾਂ ਬਾਅਦ ਅਗਲੀ ਤਾਰੀਖ਼ ਤੇ ਪੰਜਾਬ ਸਰਕਾਰ ਦੇ ਵਕੀਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਕਤ ਸਰਕੂਲਰ ਨੂੰ ਵਾਪਿਸ ਲੈ ਲਿਆ ਗਿਆ ਸੀ।

ਮੈਨੂੰ ਅਫਸੋਸ ਹੈ ਕਿ ਪੰਜਾਬ ਵਿੱਚ 'ਰਾਜ ਨਹੀਂ ਸੇਵਾ' ਪ੍ਰਦਾਨ ਕਰਨ ਵਾਲੀ ਸਰਕਾਰ ਨੇ ਉਪਰੋਕਤ ਸੇਵਾਵਾਂ ਉੱਤੇ ਫਿਰ ਸੇਵਾ ਕਰ ਲਗਾ ਦਿੱਤਾ।

## 16. ਤੇਜਾਬ ਪੀੜਤਾਂ ਦੇ ਮੁੜ ਵਸੇਵੇਂ ਸਬੰਧੀ ਸੰਘਰਸ਼



**ਇੰਦਰਜੀਤ ਕੌਰ ਤੇਜਾਬ ਹਮਲੇ ਤੋਂ ਪਹਿਲਾਂ ਅਤੇ ਬਾਅਦ ਵਿੱਚ**

ਚੀਫ਼ ਜਸਟਿਸ ਸ਼੍ਰੀ ਸੰਜੇ ਕ੍ਰਿਸ਼ਨ ਕੌਲ ਦੀ ਬੈਂਚ ਨੇ ਮੇਰੇ ਵਲੋਂ ਦਾਇਰ ਇੱਕ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਦੇ ਦੌਰਾਨ 23 ਅਗਸਤ 2013 ਨੂੰ ਹੁਕਮ ਸੁਣਾਇਆ ਕਿ ਪੰਜਾਬ ਅਤੇ ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਸੀਨੀਅਤ ਵਕੀਲ ਰਲ ਕੇ ਬਹਿ ਕੇ ਮੇਰੇ ਵਲੋਂ ਦਿੱਤੇ ਹੋਏ ਸੁਝਾਵਾਂ 'ਤੇ ਵਿਚਾਰ ਕਰਨ।

ਮੈਂ ਦੇਰ ਰਾਤ ਤੱਕ ਆਪਣੀ ਪਤਨੀ ਇੰਦੂ ਨਾਲ ਵਿਚਾਰ ਵਟਾਂਦਰਾ ਕਰਦਾ ਰਿਹਾ। ਮੇਰਾ ਵਿਚਾਰ ਸੀ ਕਿ ਜੇਕਰ ਸਰਕਾਰਾਂ ਨੂੰ ਇਹ ਸੁਝਾਅ ਦਿੱਤਾ ਜਾਵੇ ਕਿ ਸਰਕਾਰਾਂ ਤੇਜਾਬ ਪੀੜਤਾਂ ਨੂੰ ਸਰਕਾਰੀ ਸਸਤੇ ਅਨਾਜ ਦੀਆਂ ਦੁਕਾਨਾਂ ਪਹਿਲ ਦੇ ਅਧਾਰ ਤੇ ਅਲਾਟ ਕਰਨ ਤਾਂ ਇਸ ਵਿੱਚ ਸਰਕਾਰਾਂ ਨੂੰ ਕੋਈ ਵਿੱਤੀ ਬੋਝ ਵੀ ਨਹੀਂ ਉਠਾਉਣਾ ਪਵੇਗਾ ਅਤੇ ਇਸ ਲਈ ਸਰਕਾਰਾਂ ਇਸ ਸੁਝਾਅ ਨੂੰ ਤੁਰੰਤ ਮੰਨ ਲੈਣਗੀਆਂ। ਇੰਦੂ ਦਾ ਵਿਚਾਰ ਸੀ ਕਿ ਤੇਜਾਬ ਪੀੜਿਤਾਂ ਨੂੰ ਖਾਸ ਕਰਕੇ ਜਿਹਨਾਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਹੈ, ਮਾਸਿਕ ਵਿੱਤੀ ਸਹਾਇਤਾ ਦਿੱਤੀ ਜਾਣੀ



ਚਾਹੀਦੀ ਹੈ। ਅਸੀਂ ਦੋਵੇਂ ਮੁੱਦੇ ਉਠਾਉਣ ਦਾ ਫੈਸਲਾ ਕੀਤਾ।

ਹਰਿਆਣਾ ਸਰਕਾਰ ਦੇ ਐਡਵੋਕੇਟ ਜਨਰਲ ਨੇ ਸਸਤੇ ਅਨਾਜ ਦੀਆਂ ਦੁਕਾਨਾਂ ਬਾਰੇ ਮੇਰਾ ਸੁਝਾਅ ਤੁਰੰਤ ਮੰਨ ਕੇ ਸਰਕਾਰ ਕੋਲ ਭੇਜ ਦਿੱਤਾ। ਸਰਕਾਰ ਨੇ ਇਹ ਸੁਝਾਅ ਮੰਨ ਲਿਆ। ਪਰੰਤੂ ਦੂਸਰਾ ਸੁਝਾਅ ਮੁੱਖ ਸਕੱਤਰ ਵਲੋਂ ਪਰਵਾਨ ਕਰਨ ਦੇ ਬਾਵਜੂਦ ਮੁੱਖ ਮੰਤਰੀ ਜੀ ਦੇ ਦਫਤਰ ਵੱਲੋਂ ਰੱਦ ਕਰ ਦਿੱਤਾ ਗਿਆ। ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਸਿਰਫ ਇਹ ਸਟੈਂਡ ਲਿਆ ਕਿ ਜੋ ਵੀ ਫੈਸਲਾ ਹਰਿਆਣਾ ਸਰਕਾਰ ਕਰੇਗੀ, ਉਹ ਫੈਸਲਾ ਉਹਨਾਂ ਨੂੰ ਵੀ ਪ੍ਰਵਾਨ ਹੋਵੇਗਾ।

ਮਾਮਲਾ ਦੁਬਾਰਾ ਚੀਫ਼ ਜਸਟਿਸ ਹੁਰਾਂ ਦੀ ਅਦਾਲਤ ਵਿੱਚ ਆ ਗਿਆ। ਮੈਂ ਸਰਕਾਰ ਦੇ ਫੈਸਲੇ ਵਿਰੁੱਧ ਬਹੁਤ ਹੀ ਜ਼ਬਰਦਸਤ ਵਿਰੋਧ ਕੀਤਾ। ਮੈਂ ਜਜ਼ਬਾਤੀ ਲਹਿਜੇ ਵਿੱਚ ਕਿਹਾ ਕਿ ਹਰਜਾਨੇ ਦਾ ਪੈਸਾ ਤਾਂ ਰਿਸ਼ਤੇਦਾਰ ਖਾ ਜਾਣਗੇ। ਜਿਸ ਲੜਕੀ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਉਸ ਨਾਲ ਕੋਈ ਸ਼ਾਦੀ ਨਹੀਂ ਕਰੇਗਾ। ਅਜਿਹੇ ਹਲਾਤ ਵਿੱਚ ਅਜਿਹੀ ਲੜਕੀ ਲਈ ਮਾਸਿਕ ਵਿੱਤੀ ਸਹਾਇਤਾ ਹੀ ਇੱਕੋ ਇੱਕ ਸਹਾਰਾ ਹੋ ਸਕਦੀ ਹੈ। ਕਿਉਂਕਿ ਉਹ ਸਸਤੇ ਅਨਾਜ ਦੀ ਦੁਕਾਨ ਵੀ ਨਹੀਂ ਸੰਭਾਲ ਸਕੇਗੀ। ਚੀਫ਼ ਜਸਟਿਸ ਹੁਰਾਂ ਨੇ ਡਬਲ ਬੈਂਚ ਵਲੋਂ ਬੋਲਦੇ ਹੋਏ ਮੇਰੇ ਸੁਝਾਅ ਦੀ ਪ੍ਰੋੜ੍ਹਤਾ ਕੀਤੀ ਅਤੇ ਹਰਿਆਣਾ ਸਰਕਾਰ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਫੈਸਲੇ ਤੇ ਪੁਨਰ ਵਿਚਾਰ ਕਰੇ। ਆਖਿਰ ਹਰਿਆਣਾ ਸਰਕਾਰ ਝੁਕ ਗਈ। ਸਰਕਾਰ ਨੇ ਉਹਨਾਂ ਸਭ ਤੇਜਾਬ ਪੀੜਿਤਾਂ ਨੂੰ ਜਿਹੜੇ ਅੰਗਹੀਣਤਾ ਦੀ ਸ਼੍ਰੇਣੀ ਵਿੱਚ ਆਉਂਦੇ ਹਨ, 8000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣੀ ਮੰਨ ਲਈ ਅਤੇ ਇਸ ਸਬੰਧੀ ਹਾਈ ਕੌਰਟ ਵਿੱਚ ਹਲਫੀਆ ਬਿਆਨ ਦਾਖਲ ਕਰ ਦਿੱਤਾ।

ਇਸ ਤਰ੍ਹਾਂ ਤੇਜ਼ਾਬ ਪੀੜਿਤਾਂ ਨੂੰ ਰਾਹਤ ਦੇਣ ਵਾਲੀਆਂ ਉਪਰੋਕਤ ਦੋਵੇਂ ਸਹੂਲਤਾਂ ਦੀ ਬੁਨਿਆਦ ਰੱਖੀ ਗਈ।

## 17. ਮੁੱਖ ਸਕੱਤਰ ਨੇ ਮਜਬੂਰੀ ਵਿੱਚ ਅਹੁਦਾ ਛੱਡਿਆ



ਆਰ.ਆਈ. ਸਿੰਘ

ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਮੁੱਖ ਸੂਚਨਾ ਕਮਿਸ਼ਨਰ ਅਗਸਤ 2008 ਵਿੱਚ ਸੇਵਾ ਮੁਕਤ ਹੋ ਗਏ ਸਨ। ਪਰੰਤੂ ਪੰਜਾਬ ਸਰਕਾਰ ਉਹਨਾਂ ਵਲੋਂ ਖਾਲੀ ਕੀਤੀ ਪੋਸਟ ਨੂੰ ਭਰਨ ਦੀ ਪ੍ਰਕਿਰਿਆ ਨੂੰ ਜਾਣ ਬੁੱਝ ਕੇ ਸ਼ੁਰੂ ਨਹੀਂ ਸੀ ਕਰ ਰਹੀ। ਕਾਰਨ ਇਹ ਸੀ ਕਿ ਪੰਜਾਬ ਸਰਕਾਰ ਨੇ ਉਸ ਵੇਲੇ ਦੇ ਮੁੱਖ ਸਕੱਤਰ ਆਰ.ਆਈ. ਸਿੰਘ ਨੂੰ ਮੁੱਖ ਸੂਚਨਾ ਕਮਿਸ਼ਨਰ ਬਣਾਉਣ ਦਾ ਅੰਦਰ ਹੀ ਅੰਦਰ ਫੈਸਲਾ ਕਰ ਲਿਆ ਸੀ। ਆਰ.ਆਈ. ਸਿੰਘ ਨੇ ਦਸੰਬਰ 2009 ਦੇ ਨੇੜੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਣਾ ਸੀ।

ਇਸ ਹਾਲਤ ਵਿੱਚ ਮੈਨੂੰ ਹਾਈ ਕੋਰਟ ਵਿੱਚ ਇੱਕ ਜਨ ਹਿੱਤ ਪਟੀਸ਼ਨ ਦਾਇਰ ਕਰਨੀ ਪਈ। ਸਰਕਾਰ ਨੇ ਹਰ ਪ੍ਰਕਾਰ ਦੇ ਬਹਾਨੇ ਲਗਾਏ। ਕਦੇ ਕਿਹਾ ਕਿ ਸੂਚਨਾ ਕਮਿਸ਼ਨ ਦਾ ਕੰਮ ਬਗੈਰ ਮੁੱਖ ਸੂਚਨਾ ਕਮਿਸ਼ਨਰ ਦੇ ਵੀ ਬਹੁਤ ਵਧੀਆ ਤਰੀਕੇ ਨਾਲ ਚੱਲ ਰਿਹਾ ਹੈ। ਕਦੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਦੁਆਰਾ ਵਿਰੋਧ 'ਚ ਟਿੱਪਣੀ ਕਰਨ ਕਰਕੇ ਮੁੱਖ ਸੂਚਨਾ ਕਮਿਸ਼ਨਰ ਦੀ ਨਿਯੁਕਤੀ ਵਿੱਚ ਦੇਰੀ ਹੋ ਰਹੀ ਸੀ।

ਜਦ ਕਿ ਅਸਲੀਅਤ ਇਹ ਸੀ ਕਿ ਸਰਕਾਰ ਦਸੰਬਰ 2009 ਤੱਕ ਇਸ ਮਾਮਲੇ ਨੂੰ ਲਮਕਾਉਣਾ ਚਾਹੁੰਦੀ ਸੀ। ਆਖਿਰ ਹਾਈ ਕੋਰਟ ਨੇ ਜਦੋਂ ਸਖ਼ਤ ਰੁੱਖ ਅਖ਼ਤਿਆਰ ਕੀਤਾ ਤਾਂ ਮੁੱਖ ਸਕੱਤਰ ਆਰ.ਆਈ. ਸਿੰਘ ਨੇ ਆਪਣੇ ਅਹੁਦੇ ਤੋਂ ਸਵੈ ਇੱਛਤ ਰਿਟਾਇਰਮੈਂਟ ਲੈ ਲਈ, ਅਤੇ 29 ਜੂਨ 2009 ਨੂੰ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਮੁੱਖ ਸੂਚਨਾ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਜਿੱਤ ਕਿਸਦੀ ਹੋਈ, ਕਹਿ ਨਹੀਂ ਸਕਦਾ, ਪਰ ਆਰ.ਆਈ. ਸਿੰਘ ਜਿੱਤ ਕੇ ਵੀ ਬਹੁਤ ਕੁੱਝ ਹਾਰ ਚੁੱਕੇ ਸਨ।



## 18. ਹਾਈ ਕੋਰਟ ਵਿੱਚ ਅਜਾਇਬ ਘਰ




ਜੁਲਾਈ 2004 ਦੀ ਗੱਲ ਹੈ। ਚੀਫ਼ ਜਸਟਿਸ ਹੁਰਾਂ ਦੀ ਅਦਾਲਤ ਦੇ ਕਮਰੇ ਵਿੱਚੋਂ ਕੰਧ ਗਲੀਚੇ ਉਤਾਰੇ ਜਾਣ ਦਾ ਮਾਮਲਾ ਅਖਬਾਰਾਂ ਦੀਆਂ ਸੁਰਖੀਆਂ ਬਣਿਆ ਹੋਇਆ ਸੀ। ਮੈਨੂੰ ਲੱਗਾ ਕਿ ਇਹਨਾਂ ਕੰਧ ਗਲੀਚਿਆਂ ਦੀ ਅਸਲੀ ਥਾਂ ਹਾਈ ਕੋਰਟ ਦੇ ਅਜਾਇਬ ਘਰ ਵਿੱਚ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਹਾਈ ਕੋਰਟ ਦੇ ਗਲਿਆਰਿਆਂ ਵਿੱਚ ਪੁਰਾਣੇ ਸੇਵਾ ਮੁਕਤ ਹੋ ਚੁੱਕੇ ਜੱਜ ਸਾਹਿਬਾਨਾਂ ਦੀਆਂ ਲੱਗੀਆਂ ਹੋਈਆਂ ਤਸਵੀਰਾਂ ਵੀ ਅੱਖਾਂ ਵਿੱਚ ਚੁੱਭਦੀਆਂ ਸਨ। ਮੈਥੋਂ ਰਿਹਾ ਨਾ ਗਿਆ। ਜਨ ਹਿੱਤ ਪਟੀਸ਼ਨ ਦਾਖਲ ਕਰ ਦਿੱਤੀ। ਜਿਸ ਵਿੱਚ ਮੈਂ ਮੰਗ ਕੀਤੀ ਸੀ ਕਿ ਹਾਈ ਕੋਰਟ ਦੇ ਅਹਾਤੇ ਦੇ ਅੰਦਰ ਇੱਕ ਅਜਾਇਬ ਘਰ ਖੋਲਿਆ ਜਾਵੇ ਜਿਸ ਵਿੱਚ ਸਾਡੇ ਹਾਈ ਕੋਰਟ ਦੀਆਂ ਵਿਰਾਸਤੀ ਵਸਤਾਂ ਨੂੰ ਸੰਭਾਲ ਕੇ ਰੱਖਿਆ ਜਾਵੇ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸੁਣਵਾਈ ਦੌਰਾਨ ਚੀਫ਼ ਜਸਟਿਸ ਸ਼੍ਰੀ ਡੀ. ਕੇ. ਜੈਨ ਮੰਦ-ਮੰਦ ਮੁਸਕਰਾ ਰਹੇ ਸਨ। ਕੁਝ ਪਲ ਸੋਚਣ ਤੋਂ ਬਾਅਦ ਉਹਨਾਂ ਨੇ ਮੈਨੂੰ ਭੇਦ ਭਰੇ ਲਹਿਜੇ ਵਿੱਚ ਪੁੱਛਿਆ "ਦੱਸੋ ਕੀ ਆਰਡਰ ਪਾਸ ਕੀਤਾ ਜਾਵੇ ? ਇਹ ਮੁੱਦਾ ਤਾਂ ਪਹਿਲਾਂ ਹੀ ਸਾਡੇ ਵਿਚਾਰ ਅਧੀਨ ਹੈ ?" ਮੈਂ ਉੱਤਰ ਦਿੱਤਾ "ਮਾਈ ਲਾਰਡ, ਜੋ ਤੁਸੀਂ ਜ਼ੁਬਾਨੀ ਕਿਹਾ ਹੈ, ਉਹੀ ਆਰਡਰ ਲਿਖਤੀ ਵਿੱਚ ਕਰ ਦਿਓ।" ਉਹਨਾਂ ਨੇ ਇਹ ਲਿਖ ਕੇ ਮੇਰੀ ਜਨ ਹਿੱਤ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਕਿ ਇਹ ਮੁੱਦਾ ਪਹਿਲਾਂ ਹੀ ਹਾਈ ਕੋਰਟ ਦੇ ਵਿਚਾਰ ਅਧੀਨ ਹੈ।

## 19. ਕੋਲਿਆਂ ਦੀ ਦਲਾਲੀ

20 ਦਸੰਬਰ 2008 ਦੀ ਗੱਲ ਹੈ। ਇੱਕ ਵਿਅਕਤੀ ਨੇ ਆਪਣੀ ਜਾਣ ਪਹਿਚਾਣ ਮੋਬਾਇਲ ਫੋਨ ਰਾਹੀਂ ਦਿੰਦੇ ਹੋਏ ਮੇਰੇ ਸਕੂਲ ਵਾਲੇ ਦਿਨਾਂ ਦੀ ਯਾਦ ਕਰਵਾਉਂਦੇ ਹੋਏ ਮੈਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਚੰਗਾ ਲੱਗਿਆ ਕਿ ਕੋਈ ਸਕੂਲ ਵੇਲੇ ਦਾ ਸਾਥੀ ਮਿਲਣ ਆ ਰਿਹਾ ਸੀ। ਕੁਝ ਦਿਨਾਂ ਬਾਅਦ 15 ਜਨਵਰੀ 2009 ਨੂੰ ਉਹ ਵਿਅਕਤੀ (ਨਾਮ ਗੁਪਤ ਰੱਖ ਰਿਹਾ ਹਾਂ) ਅਚਾਨਕ ਮਿਠਾਈ ਦਾ ਡੱਬਾ ਲੈ ਕੇ ਆਇਆ। ਉਸਨੇ ਦੱਸਿਆ ਕਿ ਮੁਕਤਸਰ ਦੇ ਇਰਦ ਗਿਰਦ ਉਸ ਦੇ ਹੇਠਲੀਆਂ ਅਦਾਲਤਾਂ ਵਿੱਚ ਚੰਗੇ ਸੰਬੰਧ ਹਨ (ਇਸ ਵਿੱਚ ਕਿੰਨਾ ਝੂਠ ਸੀ ਅਤੇ ਕਿੰਨਾ ਸੱਚ ਸੀ, ਇਹ ਤਾਂ ਉਹ ਹੀ ਜਾਣੇ) ਅਤੇ ਉਹ ਮੇਰੇ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਹੈ। ਮੈਂ ਹੱਕਾ ਬੱਕਾ ਰਹਿ ਗਿਆ। ਮੈਂ ਜਲਦੀ ਵਿੱਚ ਹੋਣ ਦਾ ਬਹਾਨਾ ਕਰਕੇ ਦੋ ਤਿੰਨ ਮਿੰਟਾਂ ਵਿੱਚ ਹੀ ਉਸ ਨੂੰ ਤੋਰ ਦਿੱਤਾ। ਜਾਣ ਤੋਂ ਪਹਿਲਾਂ ਉਹ ਮੈਨੂੰ ਆਪਣੇ ਦੋ ਮੋਬਾਇਲ ਨੰਬਰ ਦੇ ਗਿਆ। ਮੈਂ ਸੋਚਿਆ ਕੇ ਮਗਰੋਂ ਲਹਿ ਜਾਵੇਗਾ। ਪਰ ਅਜਿਹੇ ਵਿਅਕਤੀ ਢੀਠ ਕਿਸਮ ਦੇ ਹੁੰਦੇ ਹਨ। ਕੁਝ ਦਿਨਾਂ ਬਾਅਦ ਉਸਦਾ ਫੋਨ ਆਇਆ। ਉਹਨੇ ਮੈਨੂੰ ਪੁੱਛਿਆ, "ਕੋਰਟਾਂ ਵਿੱਚ ਸਟੈਨੋ ਦੀਆਂ ਪੋਸਟਾਂ ਨਿਕਲੀਆਂ ਹਨ। ਕਿਸੇ ਨੂੰ ਲਗਵਾਉਣਾ ਚਾਹੁੰਦੇ ਹੋ ਤਾਂ ਦੱਸੋ ?" ਮੈਨੂੰ ਬਹੁਤ ਗੁੱਸਾ ਆਇਆ। ਮੈਂ ਉਸਨੂੰ ਸਖ਼ਤੀ ਨਾਲ ਕਿਹਾ "ਮੈਂ ਤੇਰੇ ਵਾਂਗ ਕੋਲਿਆਂ ਦੀ ਦਲਾਲੀ ਨਹੀਂ ਕਰਦਾ, ਮੈਨੂੰ ਦੁਬਾਰਾ ਫੋਨ ਕਰਨ ਦੀ ਕੋਸ਼ਿਸ਼ ਨਾ ਕਰੀਂ।" ਉਸ ਦਿਨ ਤੋਂ ਬਾਅਦ ਮੈਨੂੰ ਉਸਦਾ ਕੋਈ ਫੋਨ ਨਹੀਂ ਆਇਆ।



## 20. ਲਾਅ ਕਮਿਸ਼ਨ ਝੁਕਿਆ

ਮੈਂ 11 ਮਈ 2009 ਨੂੰ ਇੱਕ ਪਟੀਸ਼ਨ 'ਲਾਅ ਕਮਿਸ਼ਨ ਆਫ ਇੰਡੀਆ' ਨੂੰ ਸਟੈਂਪ ਐਕਟ ਵਿੱਚ ਸੋਧਾਂ ਕਰਨ ਦੇ ਸੁਝਾਅ ਦਿੰਦੇ ਹੋਏ ਭੇਜੀ। ਥੋੜੇ ਦਿਨਾਂ ਬਾਅਦ ਹੀ ਲਾਅ ਕਮਿਸ਼ਨ ਦੀ ਇਸ ਸੰਬੰਧ ਵਿੱਚ ਵਿਸਥਾਰਤ ਰਿਪੋਰਟ (ਰਿਪੋਰਟ ਨੰ. 231) ਵੀ ਇੰਟਰਨੈੱਟ ਉੱਪਰ ਆ ਗਈ। ਸਾਰੀ ਰਿਪੋਰਟ ਹੂਬਹੂ ਮੇਰੇ ਸੁਝਾਵਾਂ ਦੀ ਨਕਲ ਸੀ। ਲਾਅ ਕਮਿਸ਼ਨ ਨੇ ਆਪਣੇ ਵਲੋਂ ਕੁਝ ਵੀ ਜੋੜਿਆ ਜਾਂ ਘਟਾਇਆ ਨਹੀਂ ਸੀ। ਇਹ ਰਿਪੋਰਟ ਇੱਕ ਤਰ੍ਹਾਂ ਨਾਲ 'ਕਾਪੀ ਪੇਸਟ' ਰਿਪੋਰਟ ਸੀ। ਹੈਰਾਨੀ ਇਹ ਸੀ ਕਿ ਕਮਿਸ਼ਨ ਨੇ ਮੇਰੇ ਵਲੋਂ ਦਾਇਰ ਕੀਤੀ ਪਟੀਸ਼ਨ ਦਾ ਆਪਣੀ ਰਿਪੋਰਟ ਵਿੱਚ ਕਿਤੇ ਵੀ ਜ਼ਿਕਰ ਹੀ ਨਹੀਂ ਸੀ ਕੀਤਾ। ਮੇਰੀ ਸਮਝ ਮੁਤਾਬਿਕ ਪਟੀਸ਼ਨ ਕਰਤਾ ਦੇ ਨਾਂ ਦਾ ਅਜਿਹੀ ਰਿਪੋਰਟ ਵਿੱਚ ਜ਼ਿਕਰ ਕਰਨ ਦੀ ਰਵਾਇਤ ਸੀ। ਮੈਨੂੰ ਬਹੁਤ ਦੁੱਖ ਹੋਇਆ। ਮੈਂ ਬਹੁਤ ਹੀ ਸਖ਼ਤ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ ਕਮਿਸ਼ਨ ਨੂੰ ਕਾਨੂੰਨੀ ਨੋਟਿਸ 18 ਸਤੰਬਰ 2009 ਵਾਲੇ ਦਿਨ ਭੇਜਿਆ। ਮੰਗ ਕੀਤੀ ਕਿ ਕਾਨੂੰਨ ਮੰਤਰਾਲੇ ਦੀ ਵੈੱਬ ਸਾਈਟ ਉੱਪਰ ਮੇਰੇ ਨਾਂ ਦਾ ਜ਼ਿਕਰ ਕਰਦੇ ਹੋਏ ਸਪੈਸ਼ਲ ਨੋਟ ਅਪਲੋਡ ਕਰੋ, ਵਰਨਾ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਓ।

ਪਹਿਲੀ ਅਕਤੂਬਰ, 2009 ਵਾਲੇ ਦਿਨ ਮੈਨੂੰ ਲਾਅ ਕਮਿਸ਼ਨ ਦੇ ਦਫਤਰ ਵਲੋਂ ਇੱਕ ਈ-ਮੇਲ ਪ੍ਰਾਪਤ ਹੋਈ। ਜਿਸ ਵਿੱਚ ਮੈਨੂੰ ਸੂਚਿਤ ਕੀਤਾ ਗਿਆ ਸੀ ਕਿ ਜ਼ਰੂਰੀ ਸੋਧ ਕਾਨੂੰਨ ਮੰਤਰਾਲੇ ਦੀ ਵੈੱਬ ਸਾਇਟ ਉੱਪਰ ਪਾ ਦਿੱਤੀ ਗਈ ਸੀ। ਉਸ ਵਿੱਚ ਮੇਰੇ ਵਲੋਂ ਕੀਤੇ ਯੋਗਦਾਨ ਦਾ ਜ਼ਿਕਰ ਕਰ ਦਿੱਤਾ ਗਿਆ ਸੀ। ਬੇਸ਼ੱਕ ਲਾਅ ਕਮਿਸ਼ਨ ਦੀ ਰਿਪੋਰਟ ਵਿੱਚ ਤਾਂ ਮੇਰੇ ਨਾਂ ਦਾ ਜ਼ਿਕਰ ਨਹੀਂ ਸੀ ਆਇਆ, ਪ੍ਰੰਤੂ ਆਪਣੇ ਵਲੋਂ ਕੀਤੀ ਲਾਪਰਵਾਹੀ ਲਈ ਉਸਨੂੰ ਕਾਫੀ ਹੱਦ ਤੱਕ ਸ਼ਰਮਿੰਦਗੀ ਝੱਲਣੀ ਪਈ ਸੀ। 'ਨੇਕੀ ਕਰ ਤੇ ਖੂਹ 'ਚ ਸੁੱਟ' ਵਾਲੀ ਕਹਾਵਤ ਨੇ ਮੈਨੂੰ ਢਾਰਸ ਦਿੱਤੀ।

# 21. ਰਾਜਨੀਤੀ ਦਾ ਅਪਰਾਧੀਕਰਣ

5 ਮਾਰਚ 2007 ਵਾਲੇ ਦਿਨ ਹਾਈ ਕੌਰਟ ਨੇ ਮੇਰੀ ਇੱਕ ਬਹੁਤ ਹੀ ਮਹੱਤਵਪੂਰਨ ਜਨ ਹਿੱਤ ਪਟੀਸ਼ਨ ਵਿੱਚ ਪੰਜਾਬ ਸਰਕਾਰ ਅਤੇ ਸਬੰਧਿਤ ਧਿਰਾਂ (14 ਵਿਧਾਇਕਾਂ) ਨੂੰ ਨੋਟਿਸ ਜਾਰੀ ਕੀਤਾ ਸੀ। 8 ਵਿਧਾਇਕ ਸ਼੍ਰੋਮਣੀ ਅਕਾਲੀ ਦਲ ਦੇ, 3 ਕਾਂਗਰਸ ਦੇ ਅਤੇ 2 ਭਾਜਪਾ ਦੇ ਸਨ। ਉਹਨਾਂ ਵਿੱਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਇੱਕ ਹੋਰ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਆਦਿ ਸ਼ਾਮਲ ਸਨ। ਇਹ ਸਾਰੇ ਉਹ ਵਿਧਾਇਕ ਸਨ, ਜਿਹਨਾਂ ਉੱਪਰ ਕੋਈ ਨਾ ਕੋਈ ਫੌਜਦਾਰੀ ਕੇਸ ਚਲ ਰਿਹਾ ਸੀ। ਮੈਂ ਹਾਈ ਕੌਰਟ ਮੂਹਰੇ ਫਰਿਆਦ ਕੀਤੀ ਸੀ ਕਿ ਇਹਨਾਂ ਸਾਰੇ ਕੇਸਾਂ ਦੀ ਦਿਨ ਪ੍ਰਤੀ ਦਿਨ ਲਗਾਤਾਰ ਸੁਣਵਾਈ ਕਰਕੇ ਫੈਸਲਾ ਕੀਤਾ ਜਾਵੇ ਤਾਂ ਜੋ ਨਿਰਦੋਸ਼ ਹੋਣ ਦੀ ਸੂਰਤ ਵਿੱਚ ਉਹ ਜਲਦੀ ਤੋਂ ਜਲਦੀ ਬਰੀ ਹੋ ਜਾਣ ਅਤੇ ਦੋਸ਼ੀ ਹੋਣ ਦੀ ਸੂਰਤ ਵਿੱਚ ਜਲਦੀ ਤੋਂ ਜਲਦੀ ਵਿਧਾਨ ਸਭਾ ਤੋਂ ਬਾਹਰ ਹੋ ਜਾਣ। ਮੇਰਾ ਮਕਸਦ ਇਹੋ ਸੀ ਕਿ ਰਾਜਨੀਤੀ ਨੂੰ ਅਪਰਾਧੀ ਕਰਣ ਤੋਂ ਮੁਕਤ ਕੀਤਾ ਜਾ ਸਕੇ।

ਕੋਈ ਵੀ ਖੁੱਲ੍ਹ ਕੇ ਮੇਰੀ ਪਟੀਸ਼ਨ ਦਾ ਵਿਰੋਧ ਨਹੀਂ ਸੀ ਕਰ ਰਿਹਾ। ਕਿਸੇ ਕੋਲ ਕਹਿਣ ਨੂੰ ਕੁਝ ਨਹੀਂ ਸੀ। ਅਖੀਰ ਨੂੰ ਫੈਸਲੇ ਦੀ ਘੜੀ ਵੀ ਆ ਗਈ। ਨਵੇਂ ਆਏ ਚੀਫ਼ ਜਸਟਿਸ ਸ੍ਰੀ ਤੀਰਥ ਸਿੰਘ ਠਾਕਰ ਨੇ ਮੈਨੂੰ ਕੁਝ ਤਿੱਖੇ ਸਵਾਲ ਕੀਤੇ, "ਸਿਰਫ਼ ਵਿਧਾਇਕਾਂ ਦੇ ਕੇਸਾਂ ਵਿੱਚ ਹੀ ਤੇਜ਼ ਸੁਣਵਾਈ ਕਿਉਂ ਹੋਵੇ ?" ਮੇਰਾ ਉੱਤਰ ਸੀ, "ਇਸ ਨਾਲ ਉਹਨਾਂ ਨੂੰ ਜਲਦੀ ਇਨਸਾਫ ਮਿਲੇਗਾ ਅਤੇ ਜੇਕਰ ਉਹ ਨਿਰਦੋਸ਼ ਹੋਏ ਤਾਂ ਉਹ ਜਲਦੀ ਬਰੀ ਹੋ ਜਾਣਗੇ।" ਚੀਫ਼ ਜਸਟਿਸ ਸਾਹਿਬ ਮੇਰੀਆਂ ਦਲੀਲਾਂ ਨਾਲ ਸਹਿਮਤ ਨਹੀਂ ਹੋ ਰਹੇ ਸਨ। ਉਹਨਾਂ ਦੇ ਮੁਤਾਬਕ ਅਜਿਹਾ ਕਰਣ ਨਾਲ ਬਾਕੀ ਦੇ ਫ਼ੋਜਦਾਰੀ ਮਾਮਲਿਆਂ ਦੇ ਨਿਪਟਾਰੇ ਵਿੱਚ ਹੋਰ ਦੇਰੀ ਹੋ ਜਾਵੇਗੀ। ਮਨ ਹੀ ਮਨ ਹਾਰ ਮੰਨਦੇ ਹੋਏ ਮੈਂ ਆਪਣੀ ਪਟੀਸ਼ਨ ਵਾਪਸ ਲੈਣ ਦੀ ਬੇਨਤੀ ਕੀਤੀ, ਜਿਸ ਨੂੰ ਉਹਨਾਂ ਨੇ ਸਵੀਕਾਰ ਕਰ ਲਿਆ।

ਲਗਭਗ ਜਿੱਤੀ ਹੋਈ ਬਾਜੀ ਮੇਰੇ ਹੱਥਾਂ ਚੋਂ ਖਿਸਕ ਗਈ ਸੀ। ਸਮੇਂ ਦਾ ਚੱਕਰ ਕਦੇ ਰੁਕਦਾ ਨਹੀਂ, ਸਦਾ ਹੀ ਚੱਲਦਾ ਰਹਿੰਦਾ ਹੈ। ਅੱਜ ਉਹ ਸਮਾਂ ਆ ਗਿਆ ਹੈ ਜਦੋਂ ਦੇਸ਼ ਦੀ ਸਰਵ ਉੱਚ ਅਦਾਲਤ ਨੇ ਇਹ ਕਹਿ ਦਿੱਤਾ ਹੈ ਕਿ ਜਨਤਾ ਦੇ ਪ੍ਰਤੀਨਿਧੀਆਂ ਉੱਪਰ ਚੱਲ ਰਹੇ ਫ਼ੌਜਦਾਰੀ ਕੇਸਾਂ ਦੀ ਸੁਣਵਾਈ ਇਕ ਨਿਸ਼ਚਤ ਸਮੇਂ ਵਿੱਚ ਪੂਰੀ ਹੋ ਜਾਣੀ ਚਾਹੀਦੀ ਹੈ। ਦੇਰ ਆਏ ਦਰੁਸਤ ਆਏ। ਉਹ ਦਿਨ ਦੂਰ ਨਹੀਂ ਜਦੋਂ ਸਾਡੇ ਵਿਧਾਇਕਾਂ ਤੇ ਪਾਰਲੀਮੈਂਟ ਦੇ ਮੈਂਬਰਾਂ ਦੇ ਫ਼ੌਜਦਾਰੀ ਮਾਮਲਿਆਂ ਦੇ ਫੈਸਲੇ ਇੱਕ ਨਿਸ਼ਚਿਤ ਸਮੇਂ 'ਚ ਹੋਣ ਲੱਗਣਗੇ ਤੇ ਦੇਸ਼ ਦੀ ਰਾਜ ਨੀਤੀ ਅਪਰਾਧੀਕਰਣ ਤੋਂ ਮੁਕਤ ਹੋ ਜਾਵੇਗੀ।



# 22. ਵਕੀਲਾਂ ਦੀ ਲੇਬਰ ਕੋਰਟਾਂ ਦੇ ਜੱਜ ਵਜੋਂ ਨਿਯੁਕਤੀ

ਦਸਾਂ ਸਾਲਾਂ ਦੀ ਪ੍ਰੈਕਟਿਸ ਵਾਲਾ ਵਕੀਲ ਹਾਈ ਕੋਰਟ ਦਾ ਜੱਜ ਬਣਨ ਦੇ ਕਾਬਲ ਹੋ ਜਾਂਦਾ ਹੈ, ਪਰ ਉਹੀ ਵਕੀਲ ਲੇਬਰ ਕੋਰਟ ਜਾਂ ਉਦਯੋਗਿਕ ਅਦਾਲਤਾਂ ਦਾ ਪ੍ਰੀਜ਼ਾਈਡਿੰਗ ਅਫਸਰ ਬਣਨ ਵਾਸਤੇ ਯੋਗ ਨਹੀਂ ਮੰਨਿਆ ਜਾਂਦਾ। ਇਸ ਖਾਮੀ ਨੂੰ ਦੂਰ ਕਰਨ ਵਾਸਤੇ ਮੈਂ ਇੱਕ ਜਨ ਹਿੱਤ ਪਟੀਸ਼ਨ ਦਾਇਰ ਕੀਤੀ। ਉਸ ਵੇਲੇ ਦੇ ਚੀਫ਼ ਜਸਟਿਸ ਹੁਰਾਂ ਦੇ ਬੈਂਚ ਨੇ ਮੈਨੂੰ ਇਹ ਮਾਮਲਾ ਲਾਅ ਕਮਿਸ਼ਨ ਕੋਲ ਉਠਾਉਣ ਦੀ ਸਲਾਹ ਦੇ ਕੇ ਮੇਰੀ ਪਟੀਸ਼ਨ ਬੰਦ ਕਰ ਦਿੱਤੀ।

ਮੈਂ ਲਾਅ ਕਮਿਸ਼ਨ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ। ਆਖਿਰ ਲਾਅ ਕਮਿਸ਼ਨ ਨੇ 25 ਜੂਨ 2009 ਨੂੰ ਆਪਣੀ ਰਿਪੋਰਟ ਕਾਨੂੰਨ ਮੰਤਰਾਲੇ ਕੋਲ ਭੇਜ ਦਿੱਤੀ। ਉਸ ਰਿਪੋਰਟ ਵਿੱਚ ਇਹ ਸਿਫਾਰਿਸ਼ ਕੀਤੀ ਗਈ ਸੀ ਕਿ ਉਦਯੋਗਿਕ ਵਿਵਾਦ ਕਾਨੂੰਨ ਦੀ ਧਾਰਾ 7, 7-ਏ ਅਤੇ 7-ਬੀ ਵਿੱਚ ਸੋਧ ਕਰਕੇ ਵਕੀਲਾਂ ਨੂੰ ਵੀ ਉਪਰੋਕਤ ਅਦਾਲਤਾਂ ਦੇ ਪਰੀਜਾਈਡਿੰਗ ਅਫਸਰ ਬਣਨ ਦੇ ਪਾਤਰ ਬਣਾਇਆ ਜਾਵੇ।

ਲਗਦਾ ਸੀ ਕਿ ਮੈਂ ਲੜਾਈ ਜਿੱਤ ਲਈ। ਪਰ ਕਾਨੂੰਨ ਵਿਭਾਗ ਦੀ ਅਫਸਰਸ਼ਾਹੀ ਨੇ ਇਸ ਮੌਕੇ ਦਾ ਵੀ ਫਾਇਦਾ ਉਠਾਉਂਦੇ ਹੋਏ ਭਾਰਤੀ ਕਾਨੂੰਨੀ ਸੇਵਾ, ਗ੍ਰੇਡ-3 ਦੇ ਅਧਿਕਾਰੀਆਂ, ਉੱਪ ਮੁੱਖ ਲੇਬਰ ਕਮਿਸ਼ਨਰਾਂ ਅਤੇ ਸੰਯੁਕਤ ਲੇਬਰ ਕਮਿਸ਼ਨਰਾਂ ਆਦਿ, ਜਿਹਨਾਂ ਪਾਸ ਕਾਨੂੰਨ ਦੀ ਪੜ੍ਹਾਈ ਦੀ ਡਿੱਗਰੀ ਹੋਵੇ, ਨੂੰ ਉਪਰੋਕਤ ਅਦਾਲਤਾਂ ਦੇ ਪ੍ਰੀਜ਼ਾਈਡਿੰਗ ਅਫ਼ਸਰ ਬਣਨ ਦਾ ਪਾਤਰ ਬਣਾਉਣ ਲਈ ਉਦਯੋਗਿਕ ਵਿਵਾਦ ਕਾਨੂੰਨ ਦੀਆਂ ਉਪਰੋਕਤ ਧਾਰਾਵਾਂ ਵਿੱਚ ਸੋਧ ਕਰਕੇ "ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ" ਦੇ ਅਖਾਣ ਨੂੰ ਸੱਚ ਸਿੱਧ ਕਰਦੇ ਹੋਏ ਲਾਅ ਕਮਿਸ਼ਨ ਦੀਆਂ ਸਿਫਾਰਸ਼ਾਂ ਦਾ ਸਾਰਾ ਲਾਹਾ ਖੁਦ ਹੀ ਲੈ ਲਿਆ। ਇਸ ਤਰ੍ਹਾਂ ਮੈਂ ਇਹ ਲੜਾਈ ਜਿੱਤ ਕੇ ਵੀ ਹਾਰ ਗਿਆ।

## 23. ਭ੍ਰਿਸ਼ਟਾਚਾਰ ਵਿਰੁੱਧ ਤਕੜਾ ਹਮਲਾ

18 ਸਤੰਬਰ, 1998 ਨੂੰ ਭਾਰਤ ਸਰਕਾਰ ਦੇ ਕਾਨੂੰਨ ਅਤੇ ਇਨਸਾਫ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਰਾਹੀਂ ਕੇਂਦਰੀ ਪ੍ਰਸ਼ਾਸਨਿਕ ਅਦਾਲਤ (ਟ੍ਰਿਬੂਨਲ) ਵਿੱਚ ਭਾਰਤ ਸਰਕਾਰ ਦੇ ਕੇਸਾਂ ਦੀ ਪੈਰਵੀ ਕਰਨ ਲਈ ਮੇਰੀ ਸੀਨੀਅਰ ਸਥਾਈ ਵਕੀਲ ਵਜੋਂ ਨਿਯੁਕਤੀ ਕੀਤੀ ਸੀ। ਇਹ ਨਿਯੁਕਤੀ ਪ੍ਰਤਿਸ਼ਠਾ ਵਾਲੀ ਮੰਨੀ ਜਾਂਦੀ ਸੀ, ਪ੍ਰੰਤੂ ਮੇਰੇ ਲਈ ਕੰਡਿਆ ਦੀ ਸੇਜ਼ ਹੀ ਬਣੀ ਰਹੀ। ਮੈਨੂੰ ਪਤਾ ਲੱਗਾ ਕਿ ਪਿਛਲੇ ਕੁਝ ਸਾਲਾਂ ਵਿੱਚ ਉਸ ਅਦਾਲਤ (ਕੇਂਦਰੀ ਪ੍ਰਸ਼ਾਸਨਿਕ ਅਦਾਲਤ) ਦੇ ਸ਼ਿਮਲੇ ਵਾਲੇ ਸਰਕਟ ਬੈਂਚ ਵਿੱਚ ਕੇਸਾਂ ਦੀ ਪੈਰਵੀਂ ਕਰਨ ਲਈ ਸਰਕਾਰੀ ਵਕੀਲ (ਸਥਾਈ ਵਕੀਲ) ਚੰਡੀਗੜ੍ਹ ਤੋਂ ਹੀ ਜਾਂਦੇ ਹਨ। ਇਹ ਵੀ ਪਤਾ ਲੱਗਾ ਕਿ ਕੁਝ ਸਰਕਾਰੀ ਵਕੀਲਾਂ ਵੱਲੋਂ ਬੜੇ ਯੋਜਨਾਬੱਧ ਤਰੀਕੇ ਰਾਹੀਂ ਸਰਕਾਰ ਤੋਂ ਸ਼ਿਮਲੇ ਦੇ ਦੌਰਿਆਂ ਦੀ ਕਈ ਗੁਣਾਂ ਟੀ.ਏ. ਬਿੱਲਾਂ ਦੀ ਵਸੂਲੀ ਕੀਤੀ ਜਾਂਦੀ ਸੀ। ਮੇਰੀ ਆਤਮਾ ਨੇ ਅਜਿਹੀਆਂ ਬੇਨਿਯਮੀਆਂ ਦੇ ਵਿਰੁੱਧ ਵਿਦ੍ਰੋਹ ਕਰ ਦਿੱਤਾ। ਮੈਂ ਕਾਨੂੰਨ ਤੇ ਇਨਸਾਫ਼ ਮੰਤਰਾਲੇ ਦੇ ਸਕੱਤਰ ਨੂੰ ਇੱਕ ਵਿਸਥਾਰਤ ਚਿੱਠੀ ਰਾਹੀਂ ਸਰਕਟ ਬੈਂਚ ਸ਼ਿਮਲਾ ਦੀਆਂ ਅਦਾਲਤਾਂ ਵਿੱਚ ਵਕਾਲਤ ਕਰ ਰਹੇ ਵਕੀਲਾਂ ਵਿੱਚੋਂ ਹੀ ਸਰਕਾਰੀ ਵਕੀਲਾਂ ਦਾ ਇੱਕ ਵੱਖਰਾ ਪੈਨਲ ਬਣਾਉਣ ਲਈ ਤਜਵੀਜ਼ ਭੇਜ ਦਿੱਤੀ। ਨਿਆਂ ਮੰਤਰਾਲੇ ਨੇ ਤੁਰੰਤ ਮੇਰੀ ਤਜਵੀਜ਼ ਨੂੰ ਮੰਨ ਲਿਆ ਕਿਉਂਕਿ ਇਸ ਨਾਲ ਸਰਕਾਰੀ ਖਜ਼ਾਨੇ ਉੱਪਰ ਟੀ.ਏ. ਬਿੱਲਾਂ ਦਾ ਬੋਝ ਬਹੁਤ ਘਟ ਜਾਣਾ ਸੀ। ਸ਼ਿਮਲੇ ਦੇ ਵਕੀਲਾਂ ਲਈ ਤਾਂ ਮੇਰੀ ਤਜਵੀਜ਼ ਵਰਦਾਨ ਸਾਬਤ ਹੋਈ, ਪਰੰਤੂ ਮੈਨੂੰ ਉਹ ਤਜ਼ਵੀਜ਼ ਭੇਜਣ ਦੀ ਕਾਫ਼ੀ ਜ਼ਿਆਦਾ ਕੀਮਤ ਚੰਡੀਗੜ੍ਹ ਵਿੱਚ ਚੁਕਾਉਣੀ ਪਈ।



## 24. ਵਿਚੋਲਗੀਰੀ ਅਤੇ ਸੁਲਾਹ ਸਫਾਈ ਕੇਂਦਰਾਂ ਦੀ ਸਥਾਪਨਾ



ਹਾਈ ਕੋਰਟ ਦੇ ਇੱਕ ਸਾਥੀ ਨੇ ਮੈਨੂੰ ਇਸ ਵਿਸ਼ੇ ਵੱਲ ਧਿਆਨ ਦਵਾਇਆ। ਮੈਨੂੰ ਵਿਚਾਰ ਕਾਫ਼ੀ ਚੰਗਾ ਲੱਗਾ। ਮੈਂ ਤੁਰੰਤ ਹੀ ਜਨ ਹਿੱਤ ਪਟੀਸ਼ਨ ਤਿਆਰ ਕੀਤੀ ਅਤੇ 10-12-2009 ਨੂੰ ਹਾਈ ਕੌਰਟ ਵਿੱਚ ਦਾਇਰ ਵੀ ਕਰ ਦਿੱਤੀ। ਮੈਂ ਮੰਗ ਕੀਤੀ ਸੀ ਕਿ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਲਈ ਇੱਕ ਸਾਂਝਾ ਖੇਤਰੀ ਕੇਂਦਰ ਚੰਡੀਗੜ੍ਹ ਵਿੱਚ ਸਥਾਪਤ ਕੀਤਾ ਜਾਵੇ ਜਿਸਦੇ ਵਿੱਚ ਕੋਰਟ ਤੋਂ ਬਾਹਰ ਹੀ ਵਿਚੋਲ ਗੀਰੀ ਅਤੇ ਸਮਝੌਤੇ ਰਾਹੀਂ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ। ਭਾਵੇਂ ਇਸ ਸਬੰਧੀ ਨਿਯਮ ਤਾਂ ਮਾਨਯੋਗ ਹਾਈ ਕੌਰਟ ਨੇ 2003 ਵਿੱਚ ਹੀ ਘੋਸ਼ਿਤ ਕਰ ਦਿੱਤੇ ਸਨ, ਪਰੰਤੂ ਅਜਿਹੇ ਕੇਂਦਰ ਦੀ ਸਥਾਪਨਾ ਅਜੇ ਤੱਕ ਨਹੀਂ ਕੀਤੀ ਗਈ ਸੀ।

ਪਟੀਸ਼ਨ ਸੁਣਵਾਈ ਲਈ ਚੀਫ਼ ਜਸਟਿਸ ਹੁਰਾਂ ਦੇ ਬੈਂਚ ਦੇ ਮੂਹਰੇ ਆਈ ਤਾਂ ਉਹਨਾਂ ਮੈਨੂੰ ਮਸ਼ਵਰਾ ਦਿੱਤਾ ਕਿ ਜੇਕਰ ਮੈਂ ਪ੍ਰਸ਼ਾਸਕੀ ਪਾਸੇ ਬੇਨਤੀ ਪੱਤਰ ਪੇਸ਼ ਕਰਾਂ ਤਾਂ ਇਹ ਜ਼ਿਆਦਾ ਉਚਿੱਤ ਹੋਵੇਗਾ। ਮੈਂ ਪਟੀਸ਼ਨ ਵਾਪਸ ਲੈ ਲਈ। ਅਗਲੇ ਹੀ ਦਿਨ ਮੈਂ ਇੱਕ ਵਿਸਥਾਰਤ ਯਾਦ ਪੱਤਰ ਚੀਫ਼ ਜਸਟਿਸ ਹੁਰਾਂ ਦੇ ਦਫਤਰ ਵਿੱਚ ਸੌਂਪ ਦਿੱਤਾ। ਮੈਂ ਹੈਰਾਨ ਰਹਿ ਗਿਆ ਕਿ ਅਗਲੇ ਕੁਝ ਦਿਨਾਂ ਵਿੱਚ ਉਸ ਯਾਦ ਪੱਤਰ ਉੱਤੇ ਬਿਜਲੀ ਦੀ ਗਤੀ ਨਾਲ ਕਾਰਵਾਈ ਹੋਈ।

ਅੱਜ ਕੱਲ੍ਹ ਜਦੋਂ ਵੀ ਮੈਂ ਹਾਈ ਕੋਰਟ ਵਿੱਚ ਸਥਿਤ 'ਵਿਚੋਲਗੀਰੀ ਅਤੇ ਸੁਲਾਹ ਸਫਾਈ ਕੇਂਦਰ' ਵੱਲ ਜਾਂਦਾ ਹਾਂ ਤਾਂ ਮੈਨੂੰ ਉਪਰੋਕਤ ਕਿੱਸਾ ਯਾਦ ਆ ਜਾਂਦਾ ਹੈ।

## 25. ਸੇਵਾ ਮੁਕਤ ਜੱਜਾਂ ਦੀ ਜਾਂਚ ਕਮੀਸ਼ਨ ਦੇ ਤੌਰ ਤੇ ਨਿਯੁਕਤੀ

ਮੇਰਾ ਹਮੇਸ਼ਾ ਹੀ ਮੱਤ ਰਿਹਾ ਹੈ ਕਿ ਸੇਵਾ ਮੁਕਤ ਜੱਜਾਂ ਨੂੰ ਰਾਜ ਸਰਕਾਰ ਵੱਲੋਂ ਕੋਈ ਵੀ ਜਾਂਚ ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਆਗਿਆ ਦੇ ਬਗੈਰ ਸਵੀਕਾਰ ਨਹੀਂ ਕਰਨੀ ਚਾਹੀਦੀ। ਸਿੱਧੇ ਤੌਰ ਤੇ ਅਜਿਹੀ ਨਿਯੁਕਤੀ ਸਵੀਕਾਰ ਕਰਨ ਨਾਲ ਸਬੰਧਤ ਜੱਜ ਦੀ ਸਾਖ ਨੂੰ ਵੀ ਵੱਟਾ ਲੱਗਦਾ ਹੈ। ਉਸਦੇ ਸਰਕਾਰ ਨਾਲ ਸੰਬੰਧਾਂ ਬਾਰੇ ਵੀ ਗਲਤ ਸੰਦੇਸ਼ ਜਾਂਦਾ ਹੈ। ਅਸਿੱਧੇ ਤੌਰ ਤੇ ਨਿਆਂ ਪ੍ਰਣਾਲੀ ਦੇ ਅਕਸ 'ਤੇ ਵੀ ਪ੍ਰਭਾਵ ਪੈਂਦਾ ਹੈ। ਮੈਂ ਜਨ ਹਿੱਤ ਪਟੀਸ਼ਨ ਰਾਹੀਂ ਵੀ ਰਾਹਤ ਲੈਣ ਦੀ ਕੋਸ਼ਿਸ਼ ਕੀਤੀ, ਪਰੰਤੂ ਕਾਮਯਾਬ ਨਾ ਹੋ ਸਕਿਆ। ਸਤੰਬਰ 2005 ਵਿੱਚ ਇਕ ਸੇਵਾ ਮੁਕਤ ਜੱਜ ਨੂੰ ਗੁੜਗਾਓਂ ਵਿੱਚ ਵਾਪਰੀਆਂ ਕੁੱਝ ਘਟਨਾਵਾਂ ਦੀ ਜਾਂਚ ਕਰਨ ਲਈ ਜਾਂਚ ਕਮਿਸ਼ਨ ਨਿਯੁਕਤ ਕੀਤਾ ਗਿਆ। ਮੈਂ ਤੁਰੰਤ ਇੱਕ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਕਿ ਹਾਈ ਕੋਰਟ ਅਜਿਹੇ ਸਾਰੇ ਸੇਵਾ ਮੁਕਤ ਜੱਜਾਂ ਨੂੰ ਕਾਲ਼ੀ ਸੂਚੀ ਵਿੱਚ ਪਾਵੇ ਜਿਹੜੇ ਸਰਕਾਰ ਕੋਲੋਂ ਸਿੱਧੇ ਹੀ ਕੋਈ ਅਹੁਦਾ ਜਾਂ ਕੋਈ ਜ਼ਿੰਮੇਵਾਰੀ ਸਵੀਕਾਰ ਕਰ ਲੈਂਦੇ ਹਨ। ਚੀਫ਼ ਜਸਟਿਸ ਹੁਰਾਂ ਦਾ ਬੈਂਚ ਮੇਰੀ ਮੰਗ ਨਾਲ ਸਿਧਾਂਤਕ ਤੌਰ ਤੇ ਤਾਂ ਸਹਿਮਤ ਲਗਦਾ ਸੀ ਪਰੰਤੂ ਇਸ ਪਟੀਸ਼ਨ ਵਿੱਚ ਦਖਲ ਨਹੀਂ ਸੀ ਦੇਣਾ ਚਾਹੁੰਦਾ। ਮੈਂ ਪਟੀਸ਼ਨ ਵਾਪਸ ਲੈ ਲਈ।

ਮੇਰਾ ਅੱਜ ਵੀ ਇਹ ਸਪੱਸ਼ਟ ਵਿਚਾਰ ਹੈ ਕਿ ਸੇਵਾ ਮੁਕਤ ਜੱਜਾਂ ਵਲੋਂ ਸਿੱਧੇ ਤੌਰ ਤੇ ਸਰਕਾਰ ਤੋਂ ਕਿਸੇ ਵੀ ਅਜਿਹੀ ਨਿਯੁਕਤੀ ਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ।



## 26. ਚੁੱਪ ਚਾਪ ਫ਼ਰਜ਼ ਅਦਾਇਗੀ




ਵਕੀਲਾਂ ਅਤੇ ਪੁਲਸ ਵਿੱਚ ਝੜਪ

7 ਅਪ੍ਰੈਲ 2013 ਦਾ ਦਿਨ ਸੀ। ਮੈਂ ਕੁੱਝ ਬੇਚੈਨ ਸੀ। ਹਾਈ ਕੋਰਟ ਬਾਰ ਦੀ ਹੜਤਾਲ ਮੇਰੀ ਚਿੰਤਾ ਦਾ ਕਾਰਣ ਸੀ। ਇਹ ਹੜਤਾਲ 4 ਮਾਰਚ 2013 ਨੂੰ ਸੀਨੀਅਰ ਵਕੀਲ ਸ਼੍ਰੀ ਰੁਪਿੰਦਰ ਖੋਸਲਾ ਅਤੇ ਇੱਕ ਸਿਪਾਹੀ ਜਿਹੜਾ ਉਸ ਦਿਨ ਸੁਰੱਖਿਆ ਗੇਟ ਉੱਪਰ ਤਾਇਨਾਤ ਸੀ, ਦੇ ਵਿਚਕਾਰ ਹੱਥੋਪਾਈ ਦੇ ਉਪਰੰਤ ਹੋਈ ਸੀ। ਹਾਈ ਕੋਰਟ ਦਾ ਮਾਹੌਲ ਬਹੁਤ ਗਰਮ ਸੀ। ਸੀਨੀਅਰ ਵਕੀਲ ਰੁਪਿੰਦਰ ਖੋਸਲਾ ਦੇ ਖਿਲਾਫ਼ ਪੁਲਸ ਨੇ ਐਫ.ਆਈ.ਆਰ ਦਰਜ਼ ਕਰ ਲਈ ਸੀ। ਹੜਤਾਲ ਖ਼ਤਮ ਹੋਣ ਵਿੱਚ ਨਹੀਂ ਸੀ ਆ ਰਹੀ।

ਮੈਨੂੰ ਲਗਦਾ ਸੀ ਕਿ ਜੇਕਰ ਹਾਈ ਕੋਰਟ ਪ੍ਰਸ਼ਾਸਨ ਨੇ ਨਵੀਂ ਅਤੇ ਸਖਤ ਸੁਰੱਖਿਆ ਪ੍ਰਣਾਲੀ ਲਾਗੂ ਕਰਨ ਵਿੱਚ ਜਲਦ ਬਾਜ਼ੀ ਨਾ ਵਿਖਾਈ ਹੁੰਦੀ ਤਾਂ ਉਪਰੋਕਤ ਘਟਨਾ ਨਹੀਂ ਸੀ ਵਾਪਰਨੀ। ਮੇਰਾ ਵਿਚਾਰ ਇਹ ਵੀ ਸੀ ਕਿ ਚੀਫ਼ ਜਸਟਿਸ ਹੁਰਾਂ ਨੂੰ ਇਸ ਮਸਲੇ ਵਿੱਚ ਅਦਾਲਤੀ ਦਖਲ ਦੇਣਾ ਚਾਹੀਦਾ ਸੀ। 7 ਅਪ੍ਰੈਲ 2013 ਵਾਲੇ ਦਿਨ ਸਵੇਰੇ ਸਵੇਰੇ ਮੈਂ ਇੱਕ ਪੱਤਰ ਚੀਫ਼ ਜਸਟਿਸ ਹੁਰਾਂ ਨੂੰ ਭਿਜਵਾਇਆ ਜਿਹੜਾ ਕਿ ਕੋਈ ਗਿਆਰਾਂ ਵਜੇ ਦੇ ਕਰੀਬ ਉਹਨਾਂ ਕੋਲ ਪਹੁੰਚਿਆ। ਪਰੰਤੂ ਚੀਫ਼ ਜਸਟਿਸ ਸਾਹਿਬ ਨੇ ਖੁਦ ਹੀ ਕਾਰਵਾਈ ਕਰਦੇ ਹੋਏ ਸਵੇਰੇ 10 ਵਜੇ ਹੀ ਵਿਵਾਦਿਤ ਐਫ.ਆਈ.ਆਰ ਉੱਤੇ ਰੋਕ ਲਗਾ ਦਿੱਤੀ ਸੀ। ਇਸ ਨਾਲ ਹਾਲਾਤ ਆਮ ਵਰਗੇ ਹੋ ਗਏ ਸਨ ਅਤੇ 11 ਮਾਰਚ 2013 ਤੋਂ ਹਾਈ ਕੋਰਟ ਦਾ ਕੰਮ ਆਮ ਵਾਂਗ ਚੱਲਣ ਲੱਗ ਪਿਆ ਸੀ। ਮੇਰੇ ਪੱਤਰ ਦਾ ਇਸ ਘਟਨਾ ਕ੍ਰਮ ਵਿੱਚ ਕੋਈ ਯੋਗਦਾਨ ਨਹੀਂ ਸੀ, ਪਰੰਤੂ ਮੈਨੂੰ ਸੰਤੁਸ਼ਟੀ ਹੈ ਕਿ ਮੈਂ ਆਪਣਾ ਫਰਜ਼ ਪੂਰਾ ਕੀਤਾ ਅਤੇ ਸੱਚ ਨੂੰ ਸੱਚ ਕਹਿਣ ਦੀ ਜੁਰਅਤ ਕੀਤੀ ਸੀ।

# 27. ਦੇਸ਼ ਦੇ ਪੰਜਾਹ ਭਖਦੇ ਮਸਲੇ ਅਤੇ ਉਹਨਾਂ ਦੇ ਹੱਲ (ਇੱਕ ਕਿਤਾਬ)





ਮੇਰੀ 2006 ਵਿੱਚ ਛਾਪੀ ਇਹ 86 ਪੰਨਿਆਂ ਦੀ ਕਿਤਾਬ ਮੇਰੇ ਸਾਹਮਣੇ ਹੈ। ਇਹ ਕਿਤਾਬ ਅੰਗਰੇਜ਼ੀ ਵਿੱਚ ਹੈ। ਇਸ ਵਿੱਚ ਛੋਹੇ ਗਏ ਭਖਦੇ ਮਸਲਿਆਂ ਵਿੱਚ ਅਯੋਧਿਆ ਵਿਵਾਦ, ਸੰਸਦ ਵਿੱਚ ਔਰਤਾਂ ਲਈ ਰਾਖਵਾਂਕਰਨ, ਲਟਕਦੀ ਸੰਸਦ ਤੋਂ ਲੈ ਕੇ ਗੈਰ ਕਾਨੂੰਨੀ ਕਲੋਨੀਆਂ, ਵਿਕਾਸ ਦੇ ਫੰਡਾਂ ਦੀ ਵੰਡ, ਵਿਕਾਸ ਵਿੱਚ ਠੱਗੀਆਂ, ਪ੍ਰਾਜੈਕਟ ਪੂਰਾ ਹੋਣ ਵਿੱਚ ਦੇਰੀਆਂ, ਨਿੱਜੀ ਖੇਤਰ ਵਿੱਚ ਰਾਖਵਾਂਕਰਨ ਵਰਗੇ ਵਿਵਾਦਿਤ ਵਿਸ਼ਿਆਂ ਉੱਪਰ ਮੇਰੇ ਵਿਚਾਰ ਦਿੱਤੇ ਗਏ ਸਨ। ਮੈਂ ਇਹ ਕਿਤਾਬ ਮੁਫਤ ਵੰਡਣ ਦੇ ਮਨੋਰਥ ਨਾਲ ਛਾਪੀ ਸੀ। ਮੈਂ ਪ੍ਰਕਾਸ਼ਕ ਤੋਂ ਸਾਰੀਆਂ ਕਿਤਾਬਾਂ ਲੈ ਕੇ ਬਹੁਤ ਸਾਰੀਆਂ ਕਿਤਾਬਾਂ ਸੰਸਦ ਦੇ ਮੈਂਬਰਾਂ, ਮੰਤਰੀਆਂ ਅਤੇ ਹੋਰ ਪ੍ਰਸਿੱਧ ਵਿਅਕਤੀਆਂ ਨੂੰ ਡਾਕ ਰਾਹੀਂ ਭੇਜੀਆਂ ਸਨ। ਅੱਜ ਦਸ ਸਾਲ ਬੀਤ ਜਾਣ ਤੋਂ ਬਾਅਦ ਵੀ ਮੈਨੂੰ ਇਹ ਕਿਤਾਬ ਪ੍ਰਸੰਗਕ ਲਗਦੀ ਹੈ। ਮੇਰੇ ਜਿਹੇ ਇੱਕ ਸਧਾਰਨ ਵਿਅਕਤੀ ਨੇ ਇਸ ਕਿਤਾਬ ਰਾਹੀਂ ਇੱਕ ਆਪਣੀ ਕਿਸਮ ਦੀ ਪਹਿਲ ਕੀਤੀ ਸੀ।

ਮੈਂ ਹੁਣ ਇਸ ਕਿਤਾਬ ਨੂੰ ਆਪਣੇ ਵੈਬ ਸਾਈਟ ਉੱਪਰ ਪਾਉਣ ਦਾ ਫੈਸਲਾ ਕੀਤਾ ਹੈ। ਜੇਕਰ ਮੈਂ ਅਜੋਕੇ ਸਮੇਂ ਵਿੱਚ ਸਮਾਂ ਕੱਢ ਕੇ ਆਪਣੇ ਪਿਛੋਕੜ ’ਤੇ ਝਾਤ ਨਾ ਮਾਰਦਾ ਤਾਂ ਲਗਦਾ ਹੈ ਕਿ ਇਹ ਕਿਤਾਬ ਮੇਰੇ ਯਾਦਾਂ ਦੇ ਝੋਰਖੇ ਵਿੱਚੋਂ ਹੀ ਸ਼ਾਇਦ ਗਾਇਬ ਹੋ ਜਾਂਦੀ।



# 28. ਨਿਆਂ ਪ੍ਰਣਾਲੀ ਵਿੱਚ ਬੁਨਿਆਦੀ ਸੁਧਾਰਾਂ ਦੀ ਦਿਸ਼ਾ ਵੱਲ।(ਇੱਕ ਹੋਰ ਕਿਤਾਬ)




ਜੁਲਾਈ 2006 ਵਿੱਚ ਹੀ ਇੱਕ ਹੋਰ ਕਿਤਾਬ “ਨਿਆਂ ਪ੍ਰਣਾਲੀ ਵਿੱਚ ਬੁਨਿਆਦੀ ਸੁਧਾਰਾਂ ਦੀ ਦਿਸ਼ਾ ਵੱਲ” ਵੀ ਲਿਖੀ ਸੀ। ਇਹ ਕਿਤਾਬ ਵੀ ਮੁਫਤ ਵੰਡਣ ਲਈ ਸੀ। ਇਹ ਕਿਤਾਬ ਵੀ ਅੰਗਰੇਜ਼ੀ ਵਿੱਚ ਹੀ ਛਪੀ ਸੀ। ਇਸ ਦੀਆਂ ਕਾਪੀਆਂ ਵੀ ਕੋਰੀਅਰ ਸੇਵਾ ਰਾਹੀਂ ਪਾਰਲੀਮੈਂਟ ਦੇ ਮੈਂਬਰਾਂ, ਜੱਜ ਸਹਿਬਾਨਾਂ, ਕਾਨੂੰਨੀ ਮਹਿਰਾਂ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲਾਂ ਨੂੰ ਭੇਜੀਆਂ ਸਨ। ਬਹੁਤ ਸਾਰੇ ਪ੍ਰਤੀਕਰਮ ਵੀ ਆਏ ਸਨ। ਇਸ ਕਿਤਾਬ ਵਿੱਚ ਮੈਂ ਆਪਣੇ ਹੀ ਲਹਿਜੇ ਵਿੱਚ ਬਹੁਤ ਸਾਰੇ ਵਿਵਾਦਿਤ ਮੁੱਦਿਆਂ ਤੇ ਵਿਚਾਰ ਦਿੱਤੇ ਸਨ। ਮੇਰੇ ਵਿਚਾਰ ਕੱਚੇ/ਅਧੂਰੇ ਹੋ ਸਕਦੇ ਹਨ ਪਰ ਬਿਨਾਂ ਪੜ੍ਹੇ ਸੁੱਟੇ ਜਾਣ ਵਾਲੇ ਨਹੀਂ ਸਨ।

ਮੇਰੇ ਵਲੋਂ ਛੂਹੇ 32 ਮਸਲਿਆਂ ਵਿੱਚੋਂ ਪ੍ਰਮੁੱਖ ਸਨ : (1) ਹਾਈ ਕੋਰਟ ਦੀ ਰੋਸਟਰ ਪ੍ਰਣਾਲੀ (ਜਿਸ ਵਿੱਚ ਅੰਕਲ ਜੱਜਾਂ ਦੇ ਮਸਲੇ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਕੁਝ ਸੁਝਾਅ ਸਨ) 2. ਨਿਰਾਧਾਰ ਗ੍ਰਿਫਤਾਰੀ ਦੀ ਹਾਲਤ ਵਿੱਚ ਹਰਜਾਨਾ ਦੇਣ ਦੀ ਵਿਵਸਥਾ 3. ਅਗਾਊਂ ਜ਼ਮਾਨਤ 4. ਹਾਈ ਕੋਰਟ ਵਲੋਂ ਮਾਣਹਾਨੀ ਦੀ ਸ਼ਕਤੀ ਦੀ ਸੁਚਾਰੂ ਵਰਤੋਂ।

ਇਸ ਕਿਤਾਬ ਨੂੰ ਵੀ ਵੈਬ ਸਾਈਟ ਉੱਪਰ ਪਾਉਣ ਦਾ ਵਿਚਾਰ ਹੈ ਤਾਂ ਜੋ ਕਦੇ ਕੋਈ ਹੋਰ ਇਹਨਾਂ ਸੁਝਾਵਾਂ ਨੂੰ ਅੱਗੇ ਤੋਰ ਸਕੇ।

# 29. ਅਦਾਲਤ ਨੇ ਮੇਰੀ ਗਲਤੀ ਦਾ ਗੁੱਸਾ ਕੀਤਾ



ਚੀਫ਼ ਜਸਟਿਸ ਵਿਜੈਂਦਰ ਜੈਨ

ਜਨ ਹਿੱਤ ਪਟੀਸ਼ਨਾਂ ਦਾ ਸਫਰ ਕਦੇ ਵੀ ਅਸਾਨ ਨਹੀਂ ਹੋ ਸਕਦਾ, ਇਹ ਤਾਂ ਮੈਂ ਹਮੇਸ਼ਾ ਜਾਣਦਾ ਸਾਂ। ਪਰੰਤੂ ਕੋਈ ਅਜਿਹੀ ਗਲਤੀ ਹੋ ਜਾਵੇਗੀ ਜੋ ਸਾਖ ਨੂੰ ਹੀ ਗਿਰਾ ਦੇਵੇ, ਅਜਿਹਾ ਕਦੇ ਨਹੀਂ ਸੀ ਸੋਚਿਆ। ਮਈ 2008 ਦੀ ਗੱਲ ਹੈ ਜਦੋਂ ਚੀਫ਼ ਜਸਟਿਸ ਦੇ ਬੈਂਚ ਨੇ ਮੇਰੀ ਇਕ ਜਨ ਹਿੱਤ ਪਟੀਸ਼ਨ ਉੱਪਰ ਪੰਜਾਬ ਰਾਜ ਅਤੇ ਹੋਰ ਅਦਾਰਿਆਂ ਨੂੰ ਨੋਟਿਸ ਜਾਰੀ ਕੀਤੇ ਸਨ। ਅਖ਼ਬਾਰਾਂ ਵਿੱਚ ਬੜੀ ਪਰਮੁੱਖਤਾ ਨਾਲ ਖਬਰਾਂ ਛਪੀਆਂ। ਅਗਲੇ ਹੀ ਦਿਨ ਜਦ ਖਬਰਾਂ ਛਪ ਚੁੱਕੀਆਂ ਤਾਂ ਮੈਨੂੰ ਕਿਸੇ ਜਾਣਕਾਰ ਨੇ ਪਰਦੇ ਨਾਲ ਦੱਸਿਆ ਕਿ ਮੇਰੇ ਕੋਲੋਂ ਜਨ ਹਿੱਤ ਪਟੀਸ਼ਨ ਦੀ ਵਿਸ਼ਾ ਵਸਤੂ ਵਿੱਚ ਗੰਭੀਰ ਗਲਤੀ ਹੋ ਗਈ ਸੀ। ਮੈਂ ਜਦੋਂ ਜਨ ਹਿੱਤ ਪਟੀਸ਼ਨ ਚੰਗੀ ਤਰ੍ਹਾਂ ਪੜ੍ਹੀ ਤਾਂ ਪਤਾ ਲੱਗਾ ਕਿ ਸੂਚਨਾ ਦੇ ਅਧਿਕਾਰ ਦੇ ਤਹਿਤ ਲਈ ਸੂਚਨਾ ਨੂੰ ਸਮਝਣ ਵਿੱਚ ਮੈਥੋਂ ਇੱਕ ਵੱਡੀ ਗਲਤੀ ਹੋ ਗਈ ਸੀ ਅਤੇ ਇਸ ਤਰ੍ਹਾਂ ਮੇਰੀ ਜਨ ਹਿੱਤ ਪਟੀਸ਼ਨ ਦਾ ਅਧਾਰ ਹੀ ਗਲਤ ਸੀ।

ਮੈਂ ਤੁਰੰਤ ਭੁੱਲ ਨੂੰ ਸੁਧਾਰਨ ਦਾ ਫੈਸਲਾ ਕੀਤਾ, ਅਤੇ ਇੱਕ ਅਰਜ਼ੀ ਹਾਈ ਕੋਰਟ ਵਿੱਚ ਦਾਖਲ ਕਰ ਦਿੱਤੀ ਕਿ ਮੈਨੂੰ ਪਟੀਸ਼ਨ ਵਾਪਸ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ। ਚੀਫ਼ ਜਸਟਿਸ ਹੁਰਾਂ ਨੇ ਜਦ ਕਾਰਣ ਪੁੱਛਿਆ ਤਾਂ ਮੈਂ ਸੱਚ-ਸੱਚ ਦੱਸ ਦਿੱਤਾ। ਉਹਨਾਂ ਮੇਰੀ ਅਰਜ਼ੀ ਤਾਂ ਸਵੀਕਾਰ ਕਰ ਲਈ, ਪਰੰਤੂ ਸਖਤ ਸ਼ਬਦਾਂ ਵਿੱਚ ਤਾੜਨਾਂ ਵੀ ਕੀਤੀ ਕਿ ਜੇਕਰ ਭਵਿੱਖ ਵਿੱਚ ਅਜਿਹੀ ਹਲਤੀ ਦੁਬਾਰਾ ਹੋ ਗਈ ਤਾਂ ਅਦਾਲਤ ਅਜਿਹਾ ਬਰਦਾਸ਼ਤ ਨਹੀਂ ਕਰੇਗੀ।



# 30. ਇਸ਼ਤਿਹਾਰਾਂ ਵਿੱਚ ਨੇਤਾਵਾਂ ਦੀਆਂ ਤਸਵੀਰਾਂ

ਸਾਲ 2006 ਦੇ ਸ਼ੁਰੂ ਵਿੱਚ ਪੰਜਾਬ 'ਚ ਇਕ ਨਵੀਂ ਪਿਰਤ ਸ਼ੁਰੂ ਹੋਈ। ਨੇਤਾਵਾਂ ਨੂੰ ਖ਼ੁਸ਼ ਕਰਨ ਲਈ ਨਗਰ ਪਾਲਕਾਵਾਂ ਅਤੇ ਨਗਰ ਸੁਧਾਰ ਟਰੱਸਟਾਂ ਨੇ ਨੀਲਾਮੀ ਅਤੇ ਠੇਕੇ ਦੇ ਇਸ਼ਤਿਹਾਰਾਂ ਵਿੱਚ ਪੰਜਾਬ ਦੇ ਸਿਆਸੀ ਨੇਤਾਵਾਂ ਦੀਆਂ ਤਸਵੀਰਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਬਹੁਤ ਹੀ ਹਾਸੋ ਹੀਣੀ ਕਿਸਮ ਦੀ ਚਮਚਾ ਗੀਰੀ ਦੇ ਤਰੀਕੇ ਦੀ ਨਵੀਂ ਕਾਢ ਸੀ। ਇੰਝ ਲਗਦਾ ਸੀ ਕਿ ਇਹ ਨੀਲਾਮੀਆਂ ਨੇਤਾਵਾਂ ਦੀਆਂ ਹੋ ਰਹੀਆਂ ਸਨ, ਨਾ ਕੇ ਵਸਤੂਆਂ ਦੀਆਂ। ਉਹਨੀਂ ਦਿਨੀ ਮੇਰੀ ਇੱਕ ਜਨ ਹਿੱਤ ਪਟੀਸ਼ਨ ਹਾਈ ਕੋਰਟ ਵਿੱਚ ਪਹਿਲਾਂ ਹੀ ਚੱਲ ਰਹੀ ਸੀ ਜਿਸ ਵਿੱਚ ਸਰਕਾਰੀ ਅਦਾਰਿਆਂ ਵਲੋਂ ਸਿਆਸੀ ਨੇਤਾਵਾਂ ਦੀਆਂ ਤਸਵੀਰਾਂ ਵਾਲੇ ਇਸ਼ਤਿਹਾਰ ਛਾਪਣ ਵਿਰੁੱਧ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ। ਮੈਂ ਉਸੇ ਜਨ ਹਿੱਤ ਪਟੀਸ਼ਨ ਵਿੱਚ ਇੱਕ ਫੁੱਟਕਲ ਅਰਜ਼ੀ ਅਗਸਤ, 2006 ਵਿੱਚ ਦਾਖਲ ਕਰ ਦਿੱਤੀ, ਜਿਸ ਵਿੱਚ ਨੀਲਾਮੀ ਅਤੇ ਠੇਕੇ ਦੇ ਇਸ਼ਤਿਹਾਰਾਂ ਵਿੱਚ ਸਿਆਸੀ ਨੇਤਾਵਾਂ ਦੀਆਂ ਤਸਵੀਰਾਂ ਛਾਪਣ ਵਿਰੁੱਧ ਰੋਕ ਲਗਾਣ ਲਈ ਬੇਨਤੀ ਕੀਤੀ ਗਈ ਸੀ।

ਮੇਰੀ ਫੁੱਟਕਲ ਅਰਜੀ ਦਾ ਵਿਸ਼ਾ ਵਸਤੂ ਪੜ੍ਹ ਕੇ ਜੱਜ ਸਾਹਿਬਾਨ ਖੂਬ ਹੱਸੇ ਅਤੇ ਅੰਤਰਿਮ ਆਦੇਸ਼ ਵੀ ਜਾਰੀ ਕਰ ਦਿੱਤਾ। ਇਹ ਅੰਤਰਿਮ ਆਦੇਸ਼ ਮਿਲਦਿਆਂ ਹੀ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੇ ਨਿਰਦੇਸ਼ ਜਾਰੀ ਕਰਦੇ ਹੋਏ ਨੀਲਾਮੀ ਅਤੇ ਠੇਕੇ ਦੇ ਇਸ਼ਤਿਹਾਰਾਂ ਵਿੱਚ ਸਿਆਸੀ ਨੇਤਾਵਾਂ ਦੀਆਂ ਤਸਵੀਰਾਂ ਛਾਪਣ ਵਿਰੁੱਧ ਪਾਬੰਦੀ ਲਗਾ ਦਿੱਤੀ। ਇਸ ਤਰ੍ਹਾਂ ਇੱਕ ਬਚਕਾਨਾ ਕਿਸਮ ਦੀ ਪ੍ਰਥਾ ਦਾ ਅੰਤ ਹੋ ਗਿਆ।

# 31. ਨਾ ਕਾਹੂ ਸੇ ਦੋਸਤੀ, ਨਾ ਕਾਹੂ ਸੇ ਵੈਰ



ਡੀ.ਐਸ. ਬੈਂਸ

ਇਹ ਬਿਰਤਾਂਤ ਪੰਜਾਬ ਦੇ ਉਸ ਵੇਲੇ ਦੇ ਗ੍ਰਹਿ ਸਕੱਤਰ ਡੀ.ਐਸ. ਬੈਂਸ ਦੇ ਬਾਰੇ ਹੈ। ਜਨਵਰੀ 2011 ਦੀ ਗੱਲ ਹੈ। ਮੈਂ ਹਾਈ ਕੋਰਟ ਤੋਂ ਘਰ ਵਾਪਸ ਆ ਰਿਹਾ ਸਾਂ ਜਦੋਂ ਮੇਰੇ ਮੋਬਾਇਲ ਫੋਨ ਦੀ ਘੰਟੀ ਵੱਜੀ। ਮੈਨੂੰ ਸੰਦੇਸ਼ ਮਿਲਿਆ ਕਿ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਐਸ. ਬੈਂਸ ਮੈਨੂੰ ਮਿਲਣਾ ਚਾਹੁੰਦੇ ਸਨ। ਮੈਂ ਤੁਰੰਤ ਉਹਨਾਂ ਦੇ ਦਫਤਰ ਪਹੁੰਚ ਗਿਆ। ਉਹਨਾਂ ਨੇ ਮੈਨੂੰ ਪੁੱਛਿਆ "ਸ਼ਾਇਦ ਤੁਸੀਂ ਇੱਕ ਜਨ ਹਿੱਤ ਪਟੀਸ਼ਨ ਸੂਚਨਾ ਅਧਿਕਾਰ ਲਈ ਕੰਮ ਕਰਨ ਵਾਲੇ ਕਾਰਕੁੰਨਾਂ ਦੀ ਸੁਰੱਖਿਆ ਵਾਸਤੇ ਵੀ ਪਾਈ ਹੋਈ ਹੈ।" ਮੇਰੇ ਹਾਂ ਕਹਿੰਦਿਆਂ ਹੀ ਉਹਨਾਂ ਨੇ ਫਾਇਲ ਕਢਵਾ ਲਈ ਤੇ ਮੈਨੂੰ ਆਪਣੇ ਸੁਝਾਅ ਦੇਣ ਲਈ ਕਿਹਾ। ਮੈਂ ਆਪਣੇ ਵਿਚਾਰ ਉਹਨਾਂ ਨੂੰ ਦੱਸ ਦਿੱਤੇ। ਉਹਨਾਂ ਨੇ ਮੈਨੂੰ ਭਰੋਸਾ ਦਿੱਤਾ ਕਿ ਉੱਪ ਮੁੱਖ ਮੰਤਰੀ ਨਾਲ ਗੱਲ ਕਰਨ ਤੋਂ ਬਾਅਦ ਉਹ ਇਸ ਪਾਲਿਸੀ ਨੂੰ ਅੰਤਿਮ ਰੂਪ ਦੇ ਦੇਣਗੇ। ਮੈਂ ਘਰ ਆ ਗਿਆ। ਇਹ ਮੇਰੀ ਬੈਂਸ ਸਾਹਿਬ ਨਾਲ ਪਹਿਲੀ ਤੇ ਆਖਰੀ ਮੁਲਾਕਾਤ ਸੀ।


22 ਫਰਵਰੀ 2011 ਨੂੰ ਨਵੇਂ ਆਏ ਚੀਫ਼ ਜਸਟਿਸ ਹੁਰਾਂ ਦੇ ਬੈਂਚ ਮੂਹਰੇ ਉਹ ਜਨ ਹਿੱਤ ਪਟੀਸ਼ਨ ਸੁਣਵਾਈ ਲਈ ਆਈ। ਇਸ ਤੋਂ ਪਹਿਲਾਂ ਕਿ ਚੀਫ਼ ਜਸਟਿਸ ਸਾਹਿਬ ਮੈਨੂੰ ਕੁਝ ਸਵਾਲ ਪੁੱਛਦੇ, ਪੰਜਾਬ ਸਰਕਾਰ ਦੇ ਕਾਨੂੰਨ ਅਫਸਰ ਨੇ ਉਹਨਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਪਾਲਿਸੀ ਬਣਾ ਲਈ ਹੈ ਅਤੇ ਸਿਰਫ਼ ਉੱਪ ਮੁੱਖ ਮੰਤਰੀ ਸਾਹਿਬ ਦੇ ਹਸਤਾਖਰ ਰਹਿੰਦੇ ਹਨ। ਉਹਨਾਂ ਨੇ ਪਾਲਿਸੀ ਨੂੰ ਨੋਟੀਫਾਈ ਕਰਨ ਲਈ ਥੋੜੇ ਹੋਰ ਸਮੇਂ ਦੀ ਮੰਗ ਕੀਤੀ। ਇਸ ਤਰ੍ਹਾਂ ਉਸ ਮਹੱਤਵਪੂਰਨ ਪਾਲਿਸੀ ਦੀ ਨੀਂਹ ਰੱਖੀ ਗਈ।

ਜਨਤਕ ਜੀਵਨ ਵਿੱਚ ਕੋਈ ਪੱਕਾ ਦੋਸਤ ਜਾਂ ਦੁਸ਼ਮਣ ਨਹੀਂ ਹੁੰਦਾ। ਇਹ



ਕਹਾਵਤ ਸਮਾਜਿਕ ਕਾਰਕੁੰਨਾਂ ਤੇ ਵੀ ਪੂਰੀ ਤਰ੍ਹਾਂ ਢੁਕਦੀ ਹੈ। ਸਮੇਂ ਨੇ ਕਰਵਟ ਲਈ। ਡੀ. ਐਸ. ਬੈਂਸ ਨੂੰ ਗ੍ਰਹਿ ਸਕੱਤਰ ਦੇ ਪਦ ਤੋਂ ਸੇਵਾ ਮੁਕਤ ਹੁੰਦੇ ਸਾਰ ਹੀ ਪੰਜਾਬ ਪੁਲਿਸ ਕੰਪਲੇਂਟ ਅਥਾਰਟੀ ਦਾ ਮੁਖੀ ਥਾਪ ਦਿੱਤਾ ਗਿਆ। ਇਹ ਨਿਯੁਕਤੀ ਪਾਰਦਰਸ਼ਤਾ ਦੇ ਸਿਧਾਂਤਾਂ ਦੇ ਪੂਰੀ ਤਰ੍ਹਾਂ ਖਿਲਾਫ ਸੀ। ਵੈਸੇ ਵੀ ਇਹ ਨਿਯੁਕਤੀ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਉਲਟ ਸੀ। ਮੈਂ ਡੀ.ਐਸ. ਬੈਂਸ ਦੀ ਨਿਯੁਕਤੀ ਨੂੰ ਇੱਕ ਜਨ ਹਿੱਤ ਪਟੀਸ਼ਨ ਰਾਹੀਂ ਵੰਗਾਰ ਦਿੱਤਾ। 14 ਮਈ, 2014 ਦੇ ਦਿਨ ਪੰਜਾਬ ਸਰਕਾਰ ਨੇ ਹਾਰ ਦੇ ਡਰ ਕਾਰਨ ਡੀ.ਐਸ. ਬੈਂਸ ਨੂੰ ਉਹਨਾਂ ਦੇ ਅਹੁਦੇ ਤੋਂ ਮੁਕਤ ਕਰ ਦਿੱਤਾ। ਸ਼ਾਇਦ ਇਸੇ ਨੂੰ ਹੀ ਕਹਿੰਦਾ ਹਨ "ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਵੈਰ।"

# 32. ਵਿਸਫੋਟਕਾਂ ਦਾ ਜ਼ਖੀਰਾ



ਅਗਸਤ 2008 ਦੇ ਅੰਤ ਵਿੱਚ ਸੂਚਨਾ ਅਧਿਕਾਰ ਕਾਨੂੰਨ ਰਾਹੀਂ ਸੂਚਨਾ ਪ੍ਰਾਪਤ ਕਰਕੇ ਮੈਂ ਹਾਈ ਕੋਰਟ ਵਿੱਚ ਇੱਕ ਜਨ ਹਿੱਤ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਕਿ ਲੁਧਿਆਣੇ ਦੀ ਖੁਸ਼ਕ ਬੰਦਰਗਾਹ ਵਿੱਚ ਪਿਆ ਵਿਸਫੋਟਕਾਂ ਦਾ ਜ਼ਖੀਰਾ ਨਸ਼ਟ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਤੁਰੰਤ ਕਦਮ ਚੁੱਕਣ ਲਈ ਆਦੇਸ਼ ਦਿੱਤੇ ਜਾਣ। ਇਸ ਪਟੀਸ਼ਨ ਦੀ ਕਾਰਵਾਈ ਦੌਰਾਨ ਬਹੁਤ ਕਿਸਮ ਦੀਆਂ ਰੁਕਾਵਟਾਂ ਆਈਆਂ। ਭਾਰੀ ਮਾਤਰਾ ਵਿੱਚ ਵਿਸਫੋਟਕਾਂ ਦੀ ਖ਼ੇਪ ਲੋਹੇ ਕਬਾੜ ਵਿੱਚ ਮਿਲ ਕੇ ਇਸ ਖੁਸ਼ਕ ਬੰਦਰਗਾਹ ਉੱਤੇ ਕੱਠੀ ਹੋ ਗਈ ਸੀ। ਆਬਕਾਰੀ ਵਿਭਾਗ ਨੇ ਸਬੰਧਿਤ ਨਿਰਯਾਤਕਾਂ ਨੂੰ ਜੁਰਮਾਨੇ ਤਾਂ ਲਗਾਏ, ਪਰੰਤੂ ਵਿਸਫੋਟਕ ਜਿਓਂ ਦੇ ਤਿਓਂ ਉੱਥੇ ਹੀ ਪਏ ਰਹੇ। ਲੁਧਿਆਣਾ ਸ਼ਹਿਰ ਇੱਕ ਤਰ੍ਹਾਂ ਵਿਸਫੋਟਕਾਂ ਦੇ ਢੇਰ ਉੱਪਰ ਹੀ ਬੈਠ ਹੋਇਆ ਸੀ।

ਕਮੀਸ਼ਨ ਦੀ ਸੁਣਵਾਈ ਦੌਰਾਨ ਵੀ ਸਬੰਧਿਤ ਨਿਰਯਾਤਕਾਂ ਨੇ ਇਹੀ ਗੱਲ ਦੁਹਰਾਈ ਕਿ ਉਹ ਵਿਸਫੋਟਕਾਂ ਦੇ ਜ਼ਖੀਰੇ ਨੂੰ ਨਸ਼ਟ ਕਰਨ ਲਈ ਖਰਚਾ ਦੇਣ ਲਈ ਪਾਬੰਦ ਨਹੀਂ ਕਿਉਂਕਿ ਉਹ ਹਰ ਤਰ੍ਹਾਂ ਦੇ ਜੁਰਮਾਨੇ ਦੇ ਚੁੱਕੇ ਹਨ। ਭਾਰਤੀ ਫ਼ੌਜ ਅਨੁਸਾਰ ਵਿਸਫੋਟਕਾਂ ਦੇ ਜ਼ਖੀਰੇ ਨੂੰ ਉਠਾ ਕੇ ਦੂਰ ਲੈ ਜਾਣ ਅਤੇ ਫਿਰ ਉਸ ਨੂੰ



ਨਸ਼ਟ ਕਰਨ ਤੇ ਦੋ ਕਰੋੜ ਦੇ ਕਰੀਬ ਖਰਚਾ ਆਉਣ ਦਾ ਅਨੁਮਾਨ ਸੀ। ਮੈਂ ਅਚਾਨਕ ਨੋਟ ਕੀਤਾ ਕਿ ਜੱਜ ਸਾਹਿਬਾਨ ਨੇ ਆਪਣਾ ਰੁਖ ਸਖਤ ਕਰ ਲਿਆ ਅਤੇ ਸਬੰਧਿਤ ਨਿਰਯਾਤਕਾਂ ਦੇ ਵਕੀਲ ਸਾਹਿਬਾਨ ਨੂੰ ਕਿਹਾ "ਜਾਂ ਤਾਂ ਆਪਣੇ ਮੁਵੱਕਲ ਨੂੰ ਵਿਸਫੋਟਕ ਨਸ਼ਟ ਕਰਨ ਦਾ ਸਾਰਾ ਖਰਚਾ ਚੁੱਕਣ ਲਈ ਮਨਾ ਲਵੋ ਜਾਂ ਫਿਰ ਅਸੀਂ ਪੁਲਿਸ ਨੂੰ ਉਹਨਾਂ ਵਿਰੁੱਧ ਵਿਸਫੋਟਕ ਕਾਨੂੰਨ ਅਧੀਨ ਪਰਚਾ ਦਰਜ ਕਰਨ ਲਈ ਹੁਕਮ ਦੇਣ ਲੱਗੇ ਹਾਂ।" ਇਸ ਘੁਰਕੀ ਦਾ ਤੁਰੰਤ ਅਸਰ ਹੋਇਆ। ਕੁਝ ਮਿੰਟਾਂ ਵਿੱਚ ਹੀ ਨਿਰਯਾਤਕਾਂ ਦੇ ਵਕੀਲਾਂ ਨੇ ਸਾਰਾ ਖਰਚਾ ਚੁਕਾਉਣ ਲਈ ਹਾਮੀ ਭਰ ਦਿੱਤੀ। ਇਸ ਤਰ੍ਹਾਂ ਵਿਸਫੋਟਕਾਂ ਦਾ ਜ਼ਖੀਰਾ ਲੁਧਿਆਣੇ ਦੀ ਖੁਸ਼ਕ ਬੰਦਰਗਾਹ ਤੋਂ ਚੁੱਕ ਕੇ ਨਸ਼ਟ ਕਰਨ ਦਾ ਰਾਹ ਪੱਧਰਾ ਹੋ ਗਿਆ। ਇਹ ਵੀ ਦੱਸਣਾ ਚਾਹਾਂਗਾ ਕਿ ਭਾਰਤੀ ਫ਼ੌਜ ਦੇ ਅੰਕੜਿਆਂ ਮੁਤਾਬਕ, ਨਸ਼ਟ ਕੀਤੇ ਵਿਸਫੋਟਕਾਂ ਦੀ ਕੁੱਲ ਗਿਣਤੀ 18805 ਪਾਈ ਗਈ ਸੀ।

# 33. ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਦੀ ਸਥਾਪਨਾ



**ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ (ਕਾਰਜ ਕਾਰਨੀ ਦੀ ਬੈਠਕ)**

ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਦੀ ਸਥਾਪਨਾ 11-4-2010 ਵਾਲੇ ਦਿਨ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦੇ ਕੰਪਲੈਕਸ ਵਿੱਚ ਚੰਡੀਗੜ੍ਹ ਵਿਖੇ ਹੋਈ ਸੀ। ਉਸ ਤੋਂ ਕੁਝ ਦਿਨ ਪਹਿਲਾਂ ਅਰਵਿੰਦ ਕੇਜਰੀਵਾਲ ਜੀ ਨੇ ਗਾਜ਼ੀਆਬਾਦ ਵਿੱਚ ਆਪਣੇ ਦਫਤਰ ਵਿੱਚ ਦੇਸ਼ ਭਰ ਤੋਂ ਆਏ ਆਰ.ਟੀ.ਆਈ. ਕਾਰਕੁੰਨਾਂ ਦੀ ਹਾਜ਼ਰੀ ਵਿੱਚ ਫੈਡਰੇਸ਼ਨ ਬਣਾਉਣ ਦਾ ਫੈਸਲਾ ਲਿਆ ਸੀ। ਅਰਵਿੰਦ ਕੇਜਰੀਵਾਲ ਚਾਹੁੰਦੇ ਸਨ ਕਿ ਪਹਿਲਾਂ ਰਾਜਾਂ ਦੇ ਪੱਧਰ ਤੇ ਅਜਿਹੀਆਂ ਫੇਡਰਸ਼ਨਾਂ ਬਣਾਈਆਂ ਜਾਣ ਅਤੇ ਉਸ ਤੋਂ ਬਾਅਦ ਹੀ ਕੁੱਲ ਹਿੰਦ ਪੱਧਰ ਦੀ ਫੇਡਰੇਸ਼ਨ ਬਣਾਨ ਬਾਰੇ ਸੋਚਿਆ ਜਾਵੇ। ਮੈਂ ਅਜਿਹੀ ਫੇਡਰੇਸ਼ਨ ਬਣਾਉਣ ਲਈ ਬਹੁਤ ਉਤਸ਼ਾਹਿਤ ਸਾਂ। ਮੈਂ ਪੰਜਾਬ ਭਰ ਦੇ ਆਰ.ਟੀ.ਆਈ. ਕਾਰਕੁੰਨਾਂ ਦੇ ਨਾਮ, ਪਤੇ ਇਕੱਠੇ ਕਰਕੇ ਸਭ ਨੂੰ ਸੱਦਾ ਪੱਤਰ ਭੇਜ ਕੇ 11-4-2010 ਵਾਲੇ ਦਿਨ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੇ ਹਾਲ ਵਿੱਚ ਮੀਟਿੰਗ ਵਿੱਚ ਭਾਗ ਲੈਣ ਲਈ ਕਿਹਾ। 200 ਦੇ ਕਰੀਬ ਕਾਰਕੁੰਨ ਇਸ ਮੀਟਿੰਗ ਵਿੱਚ ਹਾਜ਼ਰ ਹੋਏ ਸਨ। ਮੀਟਿੰਗ ਦੀ ਕਾਰਵਾਈ ਦਾ ਉਦਘਾਟਨ ਉਸ ਵੇਲੇ ਦੇ ਪੰਜਾਬ ਰਾਜ ਸੂਚਨਾ ਆਯੋਗ ਦੇ ਮੁੱਖ ਸੂਚਨਾ ਆਯੁਕਤ ਸ੍ਰੀ ਆਰ.ਆਈ.ਸਿੰਘ ਨੇ ਕੀਤਾ ਅਤੇ ਮੀਟਿੰਗ ਦੀ ਕਾਰਵਾਈ ਦੀ ਪ੍ਰਧਾਨਗੀ ਸ਼੍ਰੀ ਅਰਵਿੰਦ ਕੇਜਰੀਵਾਲ ਨੇ ਕੀਤੀ।



# 34. ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਦਾ ਖਾਤਮਾ



**ਆਰ.ਆਈ. ਸਿੰਘ ਵਿਰੁਧ ਨਾਅਰੇ ਲਾਉਂਦੇ ਕਾਰਕੁੰਨ**


7 ਨਵੰਬਰ 2011 ਦਾ ਦਿਨ ਸੀ। ਅਸੀਂ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਇੱਛਾ 'ਤੇ ਫੁੱਲ ਚਾੜ੍ਹਨ ਲਈ ਆਰ.ਟੀ.ਆਈ. ਕਾਰਕੁੰਨਾਂ ਦੀ ਇੱਕ ਮੀਟਿੰਗ 'ਜਨਤਕ ਸੁਣਵਾਈ' ਦੇ ਨਾਂ ਤੇ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੇ ਕੰਪਲੈਕਸ ਵਿੱਚ ਚੰਡੀਗੜ੍ਹ ਵਿਖੇ ਸੱਦੀ ਹੋਈ ਸੀ। ਕੋਈ ਤਿੰਨ ਸੌ ਤੋਂ ਵੱਧ ਕਾਰਕੁੰਨ ਜੁੜੇ ਹੋਏ ਸਨ। ਕਾਰਕੁੰਨਾਂ ਵਿੱਚ ਬਹੁਤ ਜੋਸ਼ ਸੀ। ਅਰਵਿੰਦ ਕੇਜਰੀਵਾਲ ਅਤੇ ਸ਼੍ਰੀ ਆਰ.ਆਈ. ਸਿੰਘ ਮੁੱਖ ਸੂਚਨਾ ਕਮਿਸ਼ਨਰ ਪੰਜਾਬ ਰਾਜ ਸੂਚਨਾ ਕਮਿਸ਼ਨ ਮੁੱਖ ਬੁਲਾਰੇ ਸਨ। ਕਾਰਕੁੰਨ ਆਪਣੀਆਂ-ਆਪਣੀਆਂ ਮੁਸ਼ਕਲਾਂ ਬਿਆਨ ਕਰ ਰਹੇ ਸਨ। ਕਈ ਕਾਰਕੁੰਨਾਂ ਦਾ ਲਹਿਜਾ ਬਹੁਤ ਹੀ ਸਖ਼ਤ ਅਤੇ ਭੜਕਾਊ ਸੀ। ਸ਼੍ਰੀ ਆਰ.ਆਈ. ਸਿੰਘ ਵਾਰੀ ਵਾਰੀ ਮੈਨੂੰ ਦਖਲ ਦੇਣ ਲਈ ਕਹਿ ਰਹੇ ਸਨ। ਮੈਂ ਬੇਵਸ ਸਾਂ। ਅਰਵਿੰਦ ਕੇਜਰੀਵਾਲ ਜਨਤਕ ਸੁਣਵਾਈ ਵਾਲੇ ਸੈਸ਼ਨ ਦਾ ਸੰਚਾਲਨ ਕਰ ਰਹੇ ਸਨ। ਆਰ.ਆਈ ਸਿੰਘ ਨੇ ਆਪਣਾ ਭਾਸ਼ਨ ਸ਼ੁਰੂ ਕੀਤਾ। ਕੇਜਰੀਵਾਲ ਜੀ ਨੇ ਉਹਨਾਂ ਨੂੰ ਪ੍ਰਸ਼ਨ ਪੱਛਣੇ ਸ਼ੁਰੂ ਕਰ ਦਿੱਤੇ ਜਿਸ ਦਾ ਆਰ.ਆਈ. ਸਿੰਘ ਨੇ ਬਹੁਤ ਬੁਰਾ ਮਨਾਇਆ। ਦੋਨਾਂ ਵਿੱਚ ਤਕਰਾਰ ਸ਼ੁਰੂ ਹੋ ਗਈ। ਅਨਿਲ ਵਸ਼ਿਸ਼ਟ ਵਾਰੀ ਵਾਰੀ ਭੱਜ ਕੇ ਮੇਰੇ ਕੋਲ ਆ ਰਹੇ

ਸਨ। ਉਹ ਮੈਨੂੰ ਦਖਲ ਦੇਣ ਲਈ ਕਹਿ ਰਹੇ ਸਨ। ਆਖਿਰ ਆਰ.ਆਈ. ਸਿੰਘ ਆਪਣੇ ਭਾਸ਼ਨ ਨੂੰ ਛੋਟਾ ਕਰਦੇ ਹੋਏ ਸਾਡੇ ਪ੍ਰਤੀ ਗੁੱਸੇ ਦਾ ਇਜ਼ਹਾਰ ਕਰਦੇ ਹੋਏ ਵਾਕ ਆਊਟ ਕਰ ਗਏ। ਕਾਰਕੁੰਨਾਂ ਨੇ ਆਰ.ਆਈ. ਸਿੰਘ ਦੇ ਖਿਲਾਫ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਜਨਤਕ ਸੁਣਵਾਈ ਦਾ ਅੰਤ ਹਫੜਾ ਦਫੜੀ ਵਿੱਚ ਹੋਇਆ। ਕੁਝ ਕਾਰਕੁੰਨ ਖ਼ੁਸ਼ ਤੇ ਕੁਝ ਨਰਾਜ਼ ਸਨ। ਕੁਝ ਮੇਰੀ ਤਰ੍ਹਾਂ ਨਿਰਾਸ਼ ਸਨ।

ਅਰਵਿੰਦ ਕੇਜਰੀਵਾਲ ਠੀਕ ਸਨ ਜਾਂ ਆਰ.ਆਈ. ਸਿੰਘ ਠੀਕ ਸਨ। ਕਹਿਣਾ ਮੁਸ਼ਕਿਲ ਹੈ, ਪਰ ਇਹ ਗੱਲ ਪੱਕੀ ਹੈ ਉਸ ਦਿਨ ਤੋਂ ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਬਿਖਰਨੀ ਸ਼ੁਰੂ ਹੋ ਗਈ ਸੀ।



## 35. 100 ਅਜੀਬ ਅਤੇ ਨਿਰਾਸ਼ਾਜਨਕ ਹੁਕਮ




7 ਨਵੰਬਰ 2011 ਦੀ ''ਜਨਤਕ ਸੁਣਵਾਈ'' ਤੋਂ ਬਾਅਦ ਸੂਚਨਾ ਆਯੋਗ ਅਤੇ ਆਰ.ਟੀ.ਆਈ. ਕਾਰਕੁੰਨਾਂ ਦੀ ਫੈਡਰੇਸ਼ਨ ਵਿੱਚ ਦੂਰੀਆਂ ਬਹੁਤ ਵੱਧ ਗਈਆਂ ਸਨ। ਮੁੱਖ ਸੂਚਨਾ ਆਯੁਕਤ ਆਰ.ਆਈ. ਸਿੰਘ ਨੇ ਇੱਕ ਅੰਗਰੇਜੀ ਅਖਬਾਰ ਵਿੱਚ ਇੰਟਰਵਿਯੂ ਦਿੱਤੀ ਜਿਸ ਵਿੱਚ ਆਰ.ਟੀ.ਆਈ. ਜਾਰਕੁਨਾਂ ਬਾਰੇ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ। ਮੈਂ ਉਸ ਅਖ਼ਬਾਰ ਦੇ ਸੰਪਾਦਕ ਕੋਲ ਵਿਰੋਧ ਦਰਜ ਕਰਾਇਆ ਤਾਂ ਉਹਨਾਂ ਨੇ ਮੈਨੂੰ ਵੀ ਇੱਕ ਆਰਟੀਕਲ ਲਿਖਣ ਦੀ ਇਜਾਜ਼ਤ ਦੇ ਦਿੱਤੀ। ਆਰ.ਆਈ. ਸਿੰਘ ਨੇ ਇੱਕ ਖੇਤਰੀ ਟੀ.ਵੀ. ਚੈਨਲ ਨੂੰ ਵੀ ਲੰਬੀ ਚੌੜੀ ਇੰਟਰਵਿਊ ਦਿੱਤੀ, ਜਿਸ ਵਿੱਚ ਆਰ.ਟੀ.ਆਈ. ਕਾਰਕੁੰਨਾਂ ਦੇ ਵਿਰੁੱਧ ਤਿੱਖੇ ਵਾਰ ਕੀਤੇ ਗਏ ਸਨ। ਮੈਂ ਟੀ.ਵੀ. ਚੈਨਲ ਕੋਲ ਵਿਰੋਧ ਦਰਜ ਕਰਵਾਇਆ ਤਾਂ ਉਹਨਾਂ ਨੇ ਮੈਨੂੰ ਵੀ ਚੈਨਲ ਤੇ ਬੁਲਾ ਕੇ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ। ਇਸ ਤਰ੍ਹਾਂ ਨਾਂ ਚਾਹੁੰਦੇ ਹੋਏ ਵੀ ਪਾੜੇ ਵਧੀ ਗਏ। ਅਸੀਂ ਆਰ.ਟੀ.ਆਈ. ਕਾਰਕੁੰਨਾਂ ਦੀ ਫੇਡਰੇਸ਼ਨ ਵਲੋਂ ਇੱਕ ਕਿਤਾਬਚੀ ਛਾਪੀ ਜਿਸ ਰਾਂਹੀਂ ਪੰਜਾਬ ਰਾਜ ਸੂਚਨਾ ਆਯੋਗ ਵਿੱਚ ਨਿਯੁਕਤ ਸੂਚਨਾ ਆਯੁਕਤਾਂ ਦੀ ਕਾਰਗੁਜ਼ਾਰੀ ਬਾਰੇ ਜਨਤਾ ਨੂੰ ਦੱਸਿਆ ਗਿਆ ਸੀ। ਇਸ ਕਿਤਾਬਚੀ ਦਾ ਨਾਂ ਸੀ ''ਪੰਜਾਬ ਰਾਜ ਸੂਚਨਾ ਆਯੋਗ ਦੇ 100 ਅਜੀਬ ਅਤੇ ਸਦਮਾਂ ਪਹੁੰਚਾਣ ਵਾਲੇ ਹੁਕਮ।'' ਇਸ ਤਰ੍ਹਾਂ ਸਾਡਾ ਮੁੱਖ ਸੂਚਨਾ ਆਯੁਕਤ ਅਤੇ ਉਸ ਦੇ ਸਹਿਯੋਗੀਆਂ ਵਿਰੁਧ ਲਗਾਤਾਰ ਯੁੱਧ ਚੱਲਣ ਲੱਗਾ।

## 36. ਖਪਤਕਾਰ ਫੋਰਮਾਂ ਦੇ ਮੈਂਬਰਾਂ ਦੀਆਂ ਨਿਗੂਣੀਆਂ ਤਨਖਾਹਾਂ

ਇਹ ਇੱਕ ਐਸਾ ਮਸਲਾ ਹੈ ਜਿਸ ਵਾਸਤੇ ਮੈਨੂੰ ਵਾਰ-ਵਾਰ ਲੜਨਾ ਪਿਆ। ਸਾਲ 2008 ਤੱਕ ਜਿਲ੍ਹਾਂ ਖਪਤਕਾਰ ਫੋਰਮਾਂ ਦੇ ਮੈਂਬਰਾਂ ਨੂੰ ਸਿਰਫ਼ 6000 ਰੁਪਏ ਪ੍ਰਤੀ ਮਹੀਨਾਂ ਮਾਣ ਭੱਤਾ ਮਿਲਦਾ ਸੀ ਅਤੇ ਰਾਜ ਖਪਤਕਾਰ ਆਯੋਗ ਦੇ ਮੈਂਬਰਾਂ ਨੂੰ 7500 ਰੁਪਏ ਮਹੀਨਾ। ਜਦੋਂ ਖਪਤਕਾਰ-ਫੋਰਮਾਂ ਦੇ ਕੁਝ ਮੈਂਬਰਾਂ ਨੇ ਇਹ ਗੱਲ ਮੇਰੇ ਧਿਆਨ ਵਿੱਚ ਲਿਆਂਦੀ ਤਾਂ ਮੈਂ ਦੰਗ ਰਹਿ ਗਿਆ। 2008 ਦੇ ਸ਼ੁਰੂ ਦੀ ਗੱਲ ਹੈ। ਮੈਂ ਤੁਰੰਤ ਜਨ ਹਿੱਤ ਪਟੀਸ਼ਨ ਦਾਖਿਲ ਕੀਤੀ। ਪੰਜਾਬ ਸਰਕਾਰ ਨੇ ਖਪਤਕਾਰ ਫੋਰਮਾਂ ਦੇ ਮੈਂਬਰਾਂ ਦੀ ਤਨਖਾਹ 6000 ਰੁਪਏ ਤੋਂ ਵਧਾ ਕੇ 12000 ਰੁਪਏ ਕਰ ਦਿੱਤੀ। ਇਸੇ ਤਰ੍ਹਾਂ ਰਾਜ ਖਪਤਕਾਰ ਆਯੋਗ ਦੇ ਮੈਂਬਰਾਂ ਦੀ ਤਨਖਾਹ ਵਧਾ ਕੇ 20000 ਰੁਪਏ ਮਹੀਨਾ ਕਰ ਦਿੱਤੀ ਗਈ ਸੀ। ਹਾਈ ਕੌਰਟ ਨੇ ਰਾਜ ਸਰਕਾਰ ਦੇ ਹੁਕਮਾਂ ਦੀ ਰੋਸ਼ਨੀ ਵਿੱਚ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਮੈਂ ਵਧੀਆ ਹੋਈਆਂ ਤਨਖਾਹਾਂ ਤੋਂ ਵੀ ਸੰਤੁਸ਼ਟ ਨਹੀਂ ਸੀ।

ਮੈਂ ਮੌਕੇ ਦੀ ਤਾੜ ਵਿੱਚ ਸਾਂ। ਕੋਈ ਦੋ ਸਾਲ ਬਾਅਦ 2010 ਵਿੱਚ ਮੈਂ ਵਿੱਚ ਫਿਰ ਇੱਕ ਜਨ ਹਿੱਤ ਪਟੀਸ਼ਨ ਦਾਇਰ ਕੀਤੀ। ਮੈਂ ਪੰਜਾਬ, ਹਰਿਆਣਾ, ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਖਪਤਕਾਰ ਆਯੋਗਾਂ ਦੇ ਉਹਨਾਂ ਮੈਂਬਰਾਂ ਦੀ, ਜਿਹੜੇ ਨਿਆਂਇਕ ਪਿਛੋਕੜ ਤੋਂ ਆਏ ਸਨ, ਤਨਖਾਹਾਂ ਵਧਾ ਕੇ “ਆਖਰੀ ਤਨਖਾਹ ਮਨਫੀ ਪੈਨਸ਼ਨ” ਦੇ ਬਰਾਬਰ ਕਰਨ ਦੀ ਮੰਗ ਕੀਤੀ। ਸਰਕਾਰ ਕੜਿੱਕੀ ਵਿੱਚ ਫਸ ਗਈ ਸੀ। ਅਫਸਰ ਸ਼ਾਹੀ ਆਪਣੇ ਸਾਥੀਆਂ ਨੂੰ ਜਿਹੜੇ ਸਰਕਾਰੀ ਨੌਂਕਰੀਆਂ ਦੇ ਪਿਛੋਕੜ ਵਾਲੇ ਸਨ, ਲਾਭ ਦੇਣ ਲਈ ਹੱਲ ਤਲਾਸ਼ ਕਰਨ ਲੱਗੀ। ਅਖੀਰ ਵਿੱਚ ਪੰਜਾਬ ਸਰਕਾਰ ਨੇ ਖਪਤਕਾਰ ਆਯੋਗਾਂ ਦੇ ਮੈਂਬਰਾਂ ਦੀਆਂ ਤਨਖਾਹਾਂ ਵਿੱਚ ਉਚਿੱਤ ਵੱਧਾ ਕਰਦੇ ਹੋਏ ਉਹਨਾਂ ਸਾਰੇ ਮੈਂਬਰਾਂ (ਜਿਹੜੇ ਸਰਕਾਰੀ ਨੌਕਰੀਆਂ ਦੇ ਪਿਛੋਕੜ ਵਾਲੇ ਜਾਂ ਨਿਆਂਇਕ ਪਿਛੋਕੜ ਵਾਲੇ ਸਨ) ਨੂੰ ਵੱਡੀ ਰਾਹਤ ਦਿੰਦੇ ਹੋਏ ਉਹਨਾਂ ਸਭਨਾਂ ਨੂੰ “ਆਖਰੀ ਤਨਖਾਹ ਮਨਫੀ ਪੈਨਸ਼ਨ” ਦੇ ਬਰਾਬਰ ਤਨਖਾਹ ਲੈਣ ਦੇ ਯੋਗ ਕਰਾਰ ਦੇ ਦਿੱਤਾ। ਨਾਲ ਹੀ ਪੰਜਾਬ ਸਰਕਾਰ ਨੇ ਜ਼ਿਲ੍ਹਾ ਖਪਤਕਾਰ ਫੋਰਮਾਂ ਦੇ ਬਾਕੀ ਸਾਰੇ ਮੈਂਬਰਾਂ ਦੀ ਤਨਖਾਹ ਵਧਾ ਕੇ 18000 ਰੁਪਏ ਕਰ ਦਿੱਤੀ। ਇਸੇ ਪ੍ਰਕਾਰ ਰਾਜ ਪੱਧਰ ਦੇ ਖਪਤਕਾਰ ਆਯੋਗ ਦੇ ਮੈਂਬਰਾਂ ਦੀ ਤਨਖਾਹ ਵਧਾ ਕੇ 34000 ਰੁਪਏ ਮਹੀਨਾ ਕਰ ਦਿੱਤੀ ਗਈ।



ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਦਾਖਲ ਕੀਤੇ ਐਫੀਡੈਵਟ ਵਿੱਚ ਲਿਖਿਆ ਸੀ ਕਿ ਹਰ ਤਿੰਨ ਸਾਲ ਬਾਅਦ ਖਪਤਕਾਰ ਫੋਰਮਾਂ ਅਤੇ ਰਾਜ ਖਪਤਕਾਰ ਆਯੋਗ ਦੇ ਮੈਂਬਰਾਂ ਦੀਆਂ ਤਨਖਾਹਾਂ ਉੱਪਰ ਨਜ਼ਰਸਾਨੀ ਕੀਤੀ ਜਾਵੇਗੀ। ਪਰੰਤੂ ਸਰਕਾਰ ਨੇ ਇਹ ਵਾਅਦਾ ਪੂਰਾ ਨਹੀਂ ਕੀਤਾ। ਇਸ ਮੁੱਦੇ ਤੇ ਪੰਜਾਬ ਸਰਕਾਰ ਦੇ ਸਬੰਧਤ ਅਧਿਕਾਰੀ ਵਿਰੁੱਧ ਮਾਣ ਹਾਨੀ ਦੀ ਪਟੀਸ਼ਨ ਹਾਈ ਕੌਰਟ ਵਿੱਚ ਦਾਖਲ ਕੀਤੀ ਤਾਂ ਪੰਜਾਬ ਸਰਕਾਰ ਨੇ ਮੈਂਬਰਾਂ ਦੀ ਤਨਖਾਹ ਵਿੱਚ ਥੋੜ੍ਹਾ ਹੋਰ ਵਾਧਾ ਕਰ ਦਿੱਤਾ।

ਮੈਂ ਸਪੱਸ਼ਟ ਕਰ ਦੇਵਾ ਕਿ ਇਕ ਨਵਾਂ ਪੈਸਾ ਵੀ ਫੀਸ ਜਾਂ ਖਰਚੇ ਦੇ ਨਾਂ ਤੇ ਮੈਂ ਸਵੀਕਾਰ ਨਹੀਂ ਸੀ ਕੀਤਾ। ਹਾਂ, ਪਹਿਲੀ ਜਨ ਹਿਤ ਪਟੀਸ਼ਨ ਦੇ ਫੈਸਲੇ ਤੋਂ ਤੁਰੰਤ ਬਾਅਦ ਪੰਜਾਬ ਜਿਲ੍ਹਾ ਖਪਤਕਾਰ ਫੋਰਮ ਦੇ ਮੈਂਬਰਾਂ ਦੀ ਐਸੋਸੀਏਸ਼ਨ ਇੱਕ ਦੁਸ਼ਾਲਾ ਅਤੇ ਇਕ ਚਾਂਦੀ ਦੀ ਬਹੁਤ ਹੀ ਸੁੰਦਰ ਟ੍ਰਾਫੀ ਮੈਨੂੰ ਸਨਮਾਨਿਤ ਕਰਦੇ ਹੋਏ ਦੇ ਗਈ ਸੀ। ਟ੍ਰਾਫੀ ਮੇਰੇ ਦਫਤਰ ਦੀ ਸ਼ੋਭਾ ਵਧਾ ਰਹੀ ਹੈ।

## 37. ਖਪਤਕਾਰਾ ਮਾਮਲਿਆਂ ਦੇ ਮੰਤਰੀ ਝੁਕੇ



**ਆਦੇਸ਼ ਪ੍ਰਤਾਪ ਸਿੰਘ ਕੈਰੋਂ**

ਖਪਤਕਾਰ ਮਾਮਲਿਆਂ ਦੇ ਜਿਲ੍ਹਾਂ ਪੱਧਰ ਤੇ ਫੋਰਮਾਂ ਦੇ ਪ੍ਰਧਾਨਾਂ ਦੀ ਚੋਣ ਰਾਜ ਪੱਧਰ ਦੀ ਚੋਣ ਕਮੇਟੀ ਵਲੋਂ ਕੀਤੀ ਜਾਂਦੀ ਹੈ, ਜਿਸ ਦੀ ਪ੍ਰਧਾਨਗੀ ਰਾਜ ਖਪਤਕਾਰ ਆਯੋਗ ਦੇ ਪ੍ਰਧਾਨ ਹੇਠਾਂ ਬਣੀ ਇੱਕ ਕਮੇਟੀ ਵਲੋਂ ਕੀਤੀ ਜਾਂਦੀ ਹੈ। ਇਸ ਕਮੇਟੀ ਵਿੱਚ ਹੋਰਨਾਂ ਤੋਂ ਇਲਾਵਾ ਖਪਤਕਾਰ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ ਵੀ ਸ਼ਾਮਲ ਹੁੰਦੇ ਹਨ। ਅੰਤ ਵਿੱਚ ਸਰਕਾਰ ਹੀ ਇਸ ਕਮੇਟੀ ਦੀਆਂ ਸਿਫਾਰਿਸ਼ਾ ਤੇ ਵਿਚਾਰ ਕਰਕੇ ਜਿਲ੍ਹਾਂ ਪੱਧਰ ਦੇ ਫੋਰਮਾਂ ਦੇ ਪ੍ਰਧਾਨਾਂ ਦੀ ਨਿਯੁਕਤੀ ਕਰਦੀ ਹੈ।

ਇਸੇ ਪ੍ਰਕਾਰ ਰਾਜ ਪੱਧਰ ਦੀ ਚੋਣ ਕਮੇਟੀ ਨੇ ਕੁਝ ਸੇਵਾ ਮੁਕਤ ਜਿਲ੍ਹਾਂ ਜਜਾਂ ਨੂੰ ਜਿਲ੍ਹਾਂ ਪੱਧਰ ਦੇ ਫੋਰਮਾਂ ਦੇ ਪ੍ਰਧਾਨ ਬਣਾਨ ਦੀ ਸਿਫਾਰਸ਼ ਕੀਤੀ ਸੀ, ਪ੍ਰੰਤੂ ਪੰਜਾਬ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਉਸ ਸੂਚੀ ਵਿੱਚੋਂ ਤਿੰਨ ਨਾਵਾਂ ਉੱਤੇ ਆਪਣੀ ਪਰਵਾਨਗੀ ਦੀ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ 26 ਸਿਤੰਬਰ 2008 ਨੂੰ ਇੱਕ ਚਿੱਠੀ ਰਾਹੀਂ ਉਸ ਵੇਲੇ ਦੇ ਪੰਜਾਬ ਰਾਜ ਖਪਤਕਾਰ ਆਯੋਗ ਦੇ ਪ੍ਰਧਾਨ ਜਸਟਿਸ ਐਸ.ਐਨ. ਅਗਰਵਾਲ ਨੂੰ ਆਪਣੇ ਫੈਸਲੇ ਤੋਂ ਸੂਚਿਤ ਕਰ ਦਿੱਤਾ। ਅਜਿਹਾ ਪਹਿਲਾਂ ਕਦੇ ਨਹੀਂ ਸੀ ਹੋਇਆ।

ਮੇਰੇ ਵਲੋਂ ਖਪਤਕਾਰ ਫੋਰਮਾਂ ਦੇ ਜੱਜ ਨਿਯੁਕਤ ਕਰਨ ਦੀ ਮੰਗ ਨੂੰ ਲੈ ਕੇ ਇੱਕ ਜਨ ਹਿੱਤ ਪਟੀਸ਼ਨ ਪਹਿਲਾਂ ਹੀ ਹਾਈ ਕੋਰਟ ਵਿੱਚ ਚੱਲ ਰਹੀ ਸੀ। ਮੈਂ ਉਸੇ ਪਟੀਸ਼ਨ ਵਿੱਚ ਇੱਕ ਫੁਟਕਲ ਅਰਜੀ ਦਾਇਰ ਕਰਕੇ ਸਾਰੀ ਸਥਿਤੀ ਨੂੰ ਚੀਫ਼ ਜਸਟਿਸ ਸਾਹਿਬ ਦੇ ਨੋਟਿਸ ਵਿੱਚ ਲਿਆਂਦਾ। ਚੀਫ਼ ਜਸਟਿਸ ਸਾਹਿਬ ਨੇ ਇਸ ਮੁੱਦੇ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ। 28 ਸਿਤੰਬਰ ਨੂੰ ਮੇਰੀ ਅਰਜੀ ਦੀ ਸੁਣਵਾਈ ਹੋਈ। "ਸਰਕਾਰ ਨੂੰ ਚੋਣ ਕਮੇਟੀ ਦੀਆਂ ਸਿਫਾਰਿਸ਼ਾ ਨੂੰ ਰੱਦ ਕਰਨ ਦਾ ਕੋਈ ਹੱਕ ਨਹੀਂ" ਅਜਿਹਾ ਜੱਜ ਸਾਹਿਬਾਨ ਦਾ ਵਿਚਾਰ ਸੀ। ਪਹਿਲੀ ਅਕਤੂਬਰ 2008 ਨੂੰ ਖਪਤਕਾਰ



ਮਾਮਲਿਆਂ ਦੇ ਨਿਰਦੇਸ਼ਕ ਐਸ.ਪੀ. ਸਿੰਘ ਹਾਈ ਕੋਰਟ ਵਿੱਚ ਨਿੱਜੀ ਤੌਰ ਤੇ ਹਾਜ਼ਰ ਹੋਏ। ਪੰਜਾਬ ਸਰਕਾਰ ਦੇ ਮਹਾਂ ਅਧਿਵਕਤਾ ਸ਼ਿਰੀ ਐਚ. ਐਸ. ਮੱਤੇਵਾਲ ਸਰਕਾਰ ਵੱਲੋਂ ਪੇਸ਼ ਹੋਏ। ਉਹਨਾਂ ਨੇ ਸਰਕਾਰ ਦੇ ਫੈਸਲੇ ਨੂੰ ਅਫਸਰ ਸ਼ਾਹੀ ਵਲੋਂ ਲਿਆ ਗਿਆ ਗਲਤ ਫੈਸਲਾ ਕਰਾਰ ਦਿੱਤਾ, ਅਤੇ ਉਸ ਫੈਸਲੇ ਉੱਤੇ ਪੁਨਰ ਵਿਚਾਰ ਕਰਨ ਦੀ ਗੱਲ ਕਹੀ। ਸਰਕਾਰ ਵੱਲੋਂ ਪੈਦਾ ਕੀਤਾ ਸੰਕਟ ਟਲ ਗਿਆ ਸੀ। ਅਗਲੇ ਇੱਕ ਦੋ ਦਿਨਾਂ ਵਿੱਚ ਹੀ ਉਹਨਾਂ ਤਿੰਨਾਂ ਸੇਵਾ ਮੁਕਤ ਜਿਲ੍ਹਾ ਪੱਧਰ ਦੇ ਜੱਜ ਸਾਹਿਬਾਨ ਨੂੰ, ਜਿਹਨਾਂ ਨੂੰ ਨਿਯੁਕਤ ਕਰਨ ਦੀ ਸਿਫਾਰਿਸ਼ ਪਹਿਲਾਂ ਸਰਕਾਰ ਨੇ ਰੱਦ ਕਰ ਦਿੱਤੀ ਸੀ, ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ।

# 38. ਲੋਕ ਤੰਤਰ ਦਾ ਚੌਥਾ ਥੰਮ



**ਓਮ ਪ੍ਰਕਾਸ਼ ਚੌਟਾਲਾ**

ਸਿਰਫ਼ ਕੁਝ ਸਮਾਂ ਪਹਿਲਾਂ ਦੀ ਗੱਲ ਹੈ। ਮੈਨੂੰ ਸੂਚਨਾ ਦੇ ਅਧਿਕਾਰ ਰਾਹੀਂ ਹਰਿਆਣਾ ਵਿਧਾਨ ਸਭਾ ਦੇ ਦੋ ਸਾਬਕਾ ਮੈਂਬਰਾਂ ਨੂੰ, ਜਿਹੜੇ ਭ੍ਰਿਸ਼ਟਾਚਾਰ ਦੇ ਜੁਰਮ ਅਧੀਨ 10 ਸਾਲਾਂ ਦੀ ਸਜ਼ਾ ਭੁਗਤ ਰਹੇ ਸਨ, ਹਰਿਆਣਾ ਵਿਧਾਨ ਸਭਾ ਦੇ ਸਕੱਤਰੇਤ ਵਲੋਂ ਪੈਨਸ਼ਨ ਦਿੱਤੇ ਜਾਣ ਦੀ ਸੂਚਨਾ ਮਿਲੀ। ਮੈਂ ਉਹ ਸੂਚਨਾ ਸਾਰੇ ਸਮਾਚਾਰ ਪੱਤਰਾਂ ਨੂੰ ਭੇਜ ਦਿੱਤੀ। ਇੱਕ ਅੰਗਰੇਜ਼ੀ ਦੇ ਸਮਾਚਾਰ ਪੱਤਰ ਨੇ ਤਾਂ ਮੈਨੂੰ ਈ ਮੇਲ ਭੇਜ ਕੇ ਕਿਹਾ ਕਿ ਮੇਰਾ ਪੱਖ ਗਲਤ ਹੈ ਅਤੇ ਸਜ਼ਾ ਯਾਫਤਾ ਜਨ ਪ੍ਰਤੀਨਿਧੀਆਂ ਦਾ ਪੱਖ ਠੀਕ ਲੱਗਦਾ ਹੈ। ਇਸ ਲਈ ਇਹ ਖਬਰ ਛਾਪੀ ਨਹੀਂ ਜਾ ਸਕਦੀ। ਅੰਗਰੇਜ਼ੀ ਦੇ ਹੀ ਇੱਕ ਹੋਰ ਸਮਾਚਾਰ ਪੱਤਰ ਨੇ ਦੁਪਹਿਰ ਤੋਂ ਬਾਅਦ ਮੈਨੂੰ ਫੋਨ ਕਰਕੇ ਕਈ ਸਵਾਲ ਪੁੱਛੇ। ਅਗਲੇ ਦਿਨ ਦੋਹਾਂ ਅਖਬਾਰਾਂ ਵਿੱਚ ਉਸ ਖਬਰ ਦਾ ਜ਼ਿਕਰ ਨਹੀਂ ਸੀ।

ਕੁਝ ਹਫਤੇ ਬੀਤੇ ਜਦ ਮੈਂ ਅਗਸਤ, 2016 ਵਿੱਚ ਮਾਨਯੋਗ ਹਾਈ ਕੋਰਟ ਵਿੱਚ ਜਨ ਹਿੱਤ ਪਟੀਸ਼ਨ ਦਾਖਲ ਕਰਕੇ ਉਪਰੋਕਤ ਦੋਹਾਂ ਨੇਤਾਵਾਂ ਨੂੰ ਦਿੱਤੀ ਪੈਨਸ਼ਨ ਉੱਪਰ ਰੋਕ ਲਗਾਣ ਦੀ ਮੰਗ ਕੀਤੀ ਤਾਂ ਉਹਨਾਂ ਹੀ ਅਖਬਾਰਾਂ ਵਿੱਚ ਖਬਰਾਂ ਲੱਗਣੀਆਂ ਸ਼ੁਰੂ ਹੋ ਗਈਆਂ।



# 39. ਛੁੱਟੀਆਂ ਵਿੱਚ ਹਾਈ ਕੋਰਟ ਵਿੱਚ ਸੁਣਵਾਈ

3 ਜੂਨ 2016 ਦੀ ਗੱਲ ਹੈ। ਗਰਮੀ ਦੀਆਂ ਛੁੱਟੀਆਂ ਵਿੱਚ ਜਸਟਿਸ ਆਰ.ਐਨ.ਰੈਨਾ ਕੋਲ ਮੇਰਾ ਪਹਿਲਾਂ ਕੇਸ ਸੀ। ਸਭ ਤੋਂ ਪਹਿਲਾਂ ਤਾਂ ਜੱਜ ਸਾਹਿਬ ਨੇ ਮੇਰੀ ਪਹਿਲ ਦਾ ਸਵਾਗਤ ਕੀਤਾ, ਕਿਉਂਕਿ ਮੈਂ ਛੁੱਟੀਆਂ ਵਿੱਚ ਉਚੇਚੇ ਤੌਰ ’ਤੇ ਹਾਈ ਕੋਰਟ ਵਿੱਚ ਕੇਸ ਦੀ ਬਹਿਸ ਕਰਨ ਲਈ ਆਇਆ ਸੀ।

ਕੇਸ ਤੇ ਬਹਿਸ ਸ਼ੁਰੂ ਹੋਈ। ਕੇਸ ਪਟੀਸ਼ਨਰ ਦੇ ਹੱਕ ਵਿੱਚ ਹੋ ਗਿਆ। ਵੀਹ ਸਾਲ ਪਹਿਲਾਂ ਉਸ ਤੋਂ ਖੋਹੀਆਂ ਗਈਆਂ ਦੋ ਸਲਾਨਾ ਤਰੱਕੀਆਂ ਉਸਨੂੰ ਵਾਪਿਸ ਦੇਣ ਦਾ ਹੁਕਮ ਸੁਣਾ ਦਿੱਤਾ ਗਿਆ। ਨਾਲ ਹੀ 1984 ਤੋਂ ਬਕਾਏ ਅਤੇ 6 ਫੀਸਦੀ ਸਲਾਨਾ ਵਿਆਜ। ਅਦਾਲਤ ਦਾ ਮਹੌਲ ਬਹੁਤ ਹੀ ਗੈਰ ਰਸਮੀ ਸੀ। ਜੱਜ ਸਾਹਿਬ ਨੇ ਕਿਹਾ “ਅਰੋੜਾ ਜੀ, ਮੁਬਾਰਕਾਂ। ਤੁਸੀਂ ਆਪਣਾ ਪਹਿਲਾਂ ਕੇਸ ਜਿੱਤ ਗਏ ਹੋ।” ਬਹੁਤ ਹੀ ਅੱਛਾ ਲੱਗਾ। ਮੈਂ ਜੱਜ ਸਾਹਿਬ ਨੂੰ ਬਹੁਤ-ਬਹੁਤ ਧੰਨਵਾਦ ਕੀਤਾ ਅਤੇ ਅਦਾਲਤ ਦੇ ਕਮਰੇ ਵਿੱਚੋਂ ਬਾਹਰ ਆ ਗਿਆ। ਮੇਰਾ ਮੁਵਕਿਲ ਬਹੁਤ ਖ਼ੁਸ਼ ਸੀ। ਕਿਉਂਕਿ ਮੇਰੇ ਨਾਲ ਉਸਦਾ ਸੰਪਰਕ ਟੁੱਟ ਚੁੱਕਾ ਸੀ, ਮੈਂ ਉਸ ਨੂੰ ਉਸਦੇ ਸ਼ਹਿਰ ਵਿੱਚ ਰਹਿੰਦੇ ਕਿਸੇ ਹੋਰ ਜਾਣਕਾਰ ਦੇ ਰਾਹੀਂ ਸੰਪਰਕ ਕਰਕੇ ਦੱਸਿਆ ਸੀ ਕਿ ਉਸਦਾ ਕੇਸ ਗਰਮੀਆਂ ਦੀਆਂ ਛੁੱਟੀਆਂ ਵਿੱਚ ਲਗਵਾਇਆ ਸੀ। ਮਾਨਸੇ ਦਾ ਰਹਿਣ ਵਾਲਾ ਜੂਨੀਅਰ ਇੰਜਨੀਅਰ ਰਾਕੇਸ਼ ਸਿੰਘ ਉਪ ਮੰਡਲ ਅਫਸਰ ਬਣ ਕੇ ਰਿਟਾਇਰ ਵੀ ਹੋ ਚੁੱਕਾ ਸੀ।

## 40. ਮੇਰਾ ਮੁਵਕਿਲ ਕੇਸ ਦੇ ਨਿਰਣੇ ਤੱਕ ਨਹੀਂ ਜੀ ਸਕਿਆ।

ਮਲੋਟ ਦੇ ਰਹਿਣ ਵਾਲੇ ਚੀਤੂ ਸਾਹਿਬ ਅਗਸਤ 1987 ਵਿੱਚ ਉੱਪ ਮੰਡਲ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ। ਉਹਨਾਂ ਨੂੰ ਸਨੀਅਰ ਸਕੇਲ 3.10.1986 ਤੋਂ ਮਿਲਣਾ ਸੀ। ਪਰ ਉਹ ਸਰਕਾਰ ਨੇ ਰੋਕ ਲਿਆ ਸੀ। ਉਹਨਾਂ ਨੇ ਮੁਕਤਸਰ ਦੀ ਅਦਾਲਤ ਵਿੱਚ ਕੇਸ ਦਾਖਲ ਕਰ ਦਿੱਤਾ। ਉਹ ਕੇਸ ਜਿੱਤ ਗਏ। ਸਰਕਾਰ ਨੇ ਜਿਲ੍ਹਾ ਅਦਾਲਤ ਵਿੱਚ ਅਪੀਲ ਦਾਖਲ ਕਰ ਦਿੱਤੀ। ਫ਼ੈਸਲਾ ਸਰਕਾਰ ਦੇ ਹੱਕ ਵਿੱਚ ਹੋ ਗਿਆ। ਉਹਨਾਂ ਨੇ ਜਨਵਰੀ, 1994 ਵਿੱਚ ਹਾਈ ਕੌਰਟ ਵਿੱਚ ਦੂਜੀ ਅਪੀਲ ਦਾਖਲ ਕਰ ਦਿੱਤੀ। ਉਹ ਅਪੀਲ ਸੁਣਵਾਈ ਲਈ ਮੰਜੂਰ ਕਰ ਲਈ ਗਈ। ਸਮਾਂ ਬੀਤਦਾ ਗਿਆ। ਮੇਰਾ ਚੀਤੂ ਸਾਹਿਬ ਨਾਲ ਸੰਪਰਕ ਟੁੱਟ ਗਿਆ।

ਇਹ ਕੇਸ ਵੀ 9 ਜੂਨ, 2013 ਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਹੀ ਸੁਣਵਾਈ ਲਈ ਸੂਚੀ ਵਿੱਚ ਆਇਆ। ਕੇਸ ਚੀਤੂ ਸਾਹਿਬ ਦੇ ਹੱਕ ਵਿੱਚ ਹੋ ਗਿਆ। ਪਰ ਚੀਤੂ ਸਾਹਿਬ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਜਾ ਚੁੱਕੇ ਸਨ। ਉਹ ਇਸ ਕੇਸ ਦੀ ਸੁਣਵਾਈ ਲਈ ਇੰਨੀ ਲੰਮੀ ਉਡੀਕ ਨਾਂ ਕਰ ਸਕੇ। ਇੰਨੀ ਲੰਮੀ ਉਡੀਕ ਸ਼ਾਇਦ ਸਿਸਟਮ ਤਾਂ ਕਰ ਸਕਦਾ ਹੈ, ਪਰ ਆਮ ਆਦਮੀ ਨਹੀਂ।



## 41. ਬਹਾਦੁਰ ਮਾਤਾ "ਚੰਦਰਪਤੀ"




**ਚੰਦਰਪਤੀ ਅਤੇ ਸੀਮਾ**

ਮੇਰਾ ਸਿਰ ਹਮੇਸ਼ਾ ਹੀ ਇਸ ਬਹਾਦਰ ਮਾਤਾ ਦੇ ਅੱਗੇ ਝੁਕ ਜਾਂਦਾ ਹੈ, ਜਿਸਨੇ ਇਕੱਲੀ ਨੇ ਹੀ ਆਪਣੇ ਪਿੰਡ ਦੇ ਸਾਰੇ ਜਾਤੀਵਾਦੀ ਲੋਕਾਂ ਦਾ ਸਾਹਮਣਾ ਕੀਤਾ। ਬਹੁਤ ਮੁਸ਼ਕਲਾਂ ਸਹਾਰੀਆਂ, ਪ੍ਰੰਤੂ ਸਿਰ ਨਾਂ ਝੁਕਾਇਆ। ਉਸਦੇ ਪੁੱਤਰ ਅਤੇ ਨੂਹ (ਮਨੋਜ ਅਤੇ ਬਬਲੀ) ਨੂੰ, ਜਿਹਨਾਂ ਨੇ ਇਕੋ ਪਿੰਡ ਦੇ ਹੋਣ ਦੇ ਬਾਵਜੂਦ ਪ੍ਰੇਮ ਵਿਆਹ ਕਰ ਲਿਆ ਸੀ, ਬਸ 'ਚੋਂ ਉਤਾਰ ਕੇ ਕਤਲ ਕਰ ਦਿੱਤਾ ਗਿਆ ਸੀ, ਅਤੇ ਉਹਨਾਂ ਦੀ ਸੁਰਖਿਆ ਵਿੱਚ ਲਗਾਏ ਪੁਲਿਸ ਕਰਮੀਂ ਇਕ ਸ਼ਾਜਿਸ ਦੇ ਤਹਿਤ ਕੁਝ ਘੰਟੇ ਪਹਿਲਾਂ ਹੀ ਵਾਪਿਸ ਲੈ ਲੈ ਗਏ ਸਨ। ਮੈਂ ਬਹੁਤ ਦੁਖੀ ਮਹਿਸੂਸ ਕਰ ਰਿਹਾਂ ਸਾਂ। ਮੈਂ ਚੰਦ੍ਰਪਤੀ ਜੀ ਨੂੰ ਹਾਈ ਕੌਰਟ ਵਿੱਚ ਇਕ ਯਾਚਿਕਾ ਦਾਖਲ ਕਰਕੇ ਹਰਿਆਣਾ ਸਰਕਾਰ ਕੋਲੋਂ ਹਰਜਾਨਾ ਮੰਗਣ ਲਈ ਪ੍ਰੇਰਿਤ ਕੀਤਾ। ਉਸਨੇ ਦਿਲ ਤੇ ਪੱਥਰ ਰੱਖ ਕੇ ਮੇਰੀ ਬੇਨਤੀ ਮੰਨ ਲਈ। ਜੂਨ 2011 ਵਿੱਚ ਹਾਈ ਕੌਰਟ ਨੇ ਹਰਿਆਣਾ ਸਰਕਾਰ ਦੇ ਵਿਰੁੱਧ ਫੈਸਲਾ ਦਿੰਦੇ ਹੋਏ 6 ਲੱਖ ਰੁਪਏ ਹਰਜਾਨੇ ਦੇ ਰੂਪ ਵਿੱਚ ਚੰਦਰਪਤੀ ਨੂੰ ਦੇਣ ਲਈ ਕਿਹਾ। ਫੈਸਲਾ ਉਸ ਦੇ ਹੱਕ ਵਿੱਚ ਜ਼ਰੂਰ ਸੀ, ਪਰ ਰੂਹ ਨੂੰ ਝਟਕਾ ਦੇਣ ਵਾਲਾ ਸੀ।


ਕੁਝ ਸਮੇਂ ਬਾਅਦ 5 ਸਿਤੰਬਰ 2011 ਦੇ ਦਿਨ ਚੰਦਰਪਤੀ ਆਪਣੀ ਬੇਟੀ ਸੀਮਾਂ ਅਤੇ ਛੋਟੇ ਬੇਟੇ ਦੇ ਨਾਲ ਮੈਨੂੰ ਮਿਲਣ ਆਈ। ਆਉਂਦਿਆਂ ਸਾਰ ਹੀ ਉਸ ਨੇ ਦੋ ਲੱਖ ਦੀ ਕਰੰਸੀ ਦੇ ਨੋਟ ਮੇਰੀ ਮੇਜ਼ ਉੱਤੇ ਰੱਖ ਦਿੱਤੇ। ਇਹ ਉਹਨਾਂ ਵਲੋਂ ਮੇਰੀ ਬਣਦੀ ਫੀਸ ਸੀ। ਮੈਂ ਹੱਕਾ ਬੱਕਾ ਰਹਿ ਗਿਆ। ਇਹ ਕੇਸ ਮੈਂ ਫੀਸ ਲੈਣ ਲਈ ਤਾਂ ਨਹੀਂ ਸੀ ਲੜਿਆ। ਮੇਰੀ ਨਾਂਹ ਨੁੱਕਰ ਦਾ ਉਹਨਾਂ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਆਖਰ ਵਿੱਚ ਮੈਂ ਉਹਨਾਂ ਨੂੰ ਆਪਣੀ ਪਤਨੀ (ਇੰਦੂ) ਨੂੰ ਮਿਲਣ ਲਈ ਨਿਚਲੇ ਕਮਰੇ ਵਿੱਚ ਲੈ ਗਿਆ। ਇੰਦੂ ਨੇ ਹੁਣ ਤੱਕ ਤਰਕੀਬ ਸੋਚ ਲਈ ਸੀ। ਅਸੀਂ ਚੰਦਰਪਤੀ ਨੂੰ ਕਿਹਾ "ਅਸੀਂ ਤੁਹਾਡੇ ਕੋਲੋਂ ਫੀਸ ਲੈ ਕੇ ਆਪਣੀ ਬੇਟੀ ਸੀਮਾਂ ਦੀ ਝੋਲੀ ਵਿੱਚ ਪਾ ਰਹੇ ਹਾਂ।" ਸਾਡੇ ਸਭ ਦੀਆਂ ਅੱਖਾਂ ਵਿੱਚੋਂ ਪਾਣੀ ਵੱਗ ਰਿਹਾ ਸੀ। ਇਹ ਸਤਰਾਂ ਲਿਖਦੇ ਸਮੇਂ ਅੱਜ ਵੀ ਮੇਰੀਆਂ ਅੱਖਾਂ ਵਿੱਚੋਂ ਹੰਝੂ ਵੱਗ ਰਹੇ ਹਨ। ਮੈਂ ਉਸ ਬਹਾਦੁਰ ਮਾਂ ਦੇ ਜ਼ਜ਼ਬੇ ਨੂੰ ਪ੍ਰਣਾਮ ਕਰਦਾ ਹਾਂ।

ਚੰਦਰਪਤੀ ਆਪਣੇ ਪਿੰਡ ਵਿੱਚ ਅੱਜ ਵੀ ਇਕੱਲੀ ਰਹਿੰਦੀ ਹੈ, ਸਾਰੇ ਪਿੰਡ ਵਲੋਂ ਕੀਤੇ ਬਾਈਕਾਟ ਦਾ ਸਾਹਮਣਾ ਕਰਦੀ ਹੋਈ। ਉਸ ਦੇ ਬੱਚਿਆਂ ਦੇ ਕਤਲ ਤੋਂ ਬਾਅਦ "ਆਨਰ ਕੀਲਿੰਗ" ਨਾਂ ਦੀ ਫਿਲਮ ਬਣੀ ਸੀ। ਇਕੱਲੀ ਹੀ ਫਿਲਮ ਵੇਖਣ ਲਈ ਸਿਨੇਮਾ ਹਾਲ ਵਿੱਚ ਪਹੁੰਚੀ ਹੋਈ ਸੀ। ਪਰੰਤੂ ਨਿਰਾਸ਼ ਵਾਪਸ ਆਈ, ਕਿਉਂਕਿ ਬਿਲਕੁਲ ਆਖਰੀ ਸਮੇਂ ਅੰਦੋਲਨ ਕਾਰੀਆਂ ਦੇ ਡਰ ਕਾਰਨ ਉਸ ਫਿਲਮ ਦੀ ਰਿਲੀਜ਼ ਰੋਕ ਦਿੱਤੀ ਗਈ ਸੀ।

ਚੰਦਰਪਤੀ ਦੇ ਬੱਚਿਆਂ ਦੇ ਕਾਤਲਾਂ ਨੂੰ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਹੈ। ਚੰਦਰਪਤੀ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦਵਾਉਣ ਲਈ ਸੁਪਰੀਮ ਕੋਰਟ ਵਿੱਚ ਲੜ ਰਹੀ ਹੈ। ਬਹੁਤ ਬਹੁਤ ਪ੍ਰਣਾਮ ਬਹਾਦੁਰ ਮਾਤਾ ਚੰਦਰਪਤੀ ਨੂੰ।



## 42. ਚੀਫ਼ ਜਸਟਿਸ ਵਲੋਂ ਹੈਰਾਨੀ ਜਨਕ ਟਿੱਪਣੀ


ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ

24 ਅਕਤੂਬਰ 2008 ਦੀ ਗੱਲ ਹੈ। ਮੇਰੇ ਵਲੋਂ ਦਾਖਲ ਇੱਕ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਮੇਰੀ ਮੰਗ ਸੀ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਖਾਲੀ ਪਈਆਂ ਮੈਂਬਰਾਂ ਦੀਆਂ 3 ਪੋਸਟਾਂ ਨੂੰ ਤੁਰੰਤ ਭਰਿਆ ਜਾਵੇ। ਐਡਵੋਕੇਟ ਜਨਰਲ ਨੇ ਚੀਫ਼ ਜਸਟਿਸ ਦੇ ਬੈਂਚ ਨੂੰ ਦੱਸਿਆ ਕਿ ਉਮੀਦਵਾਰਾਂ ਦੇ ਵੇਰਵਿਆਂ ਉੱਤੇ ਵਿਚਾਰ ਕੀਤੀ ਜਾ ਰਹੀ ਹੈ। ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ ਚੁੱਪ ਨਾਂ ਰਹੇ। ਬੋਲੇ "ਕੀ ਪੰਜਾਬ ਸਰਕਾਰ ਨੂੰ ਯੋਗ ਉਮੀਦਵਾਰਾਂ ਦੀ ਤਲਾਸ਼ ਕਰਨੀ ਪੈ ਰਹੀ ਹੈ ? ਕੀ ਯੋਗ ਉਮੀਦਵਾਰ ਬਾਇਓ-ਡਾਟੇ ਵਿੱਚੋਂ ਲੱਭੇ ਜਾਣਗੇ ?" ਇੱਥੇ ਹੀ ਬੱਸ ਨਹੀਂ, ਉਹਨਾਂ ਇੱਥੋਂ ਤੱਕ ਕਹਿ ਦਿੱਤਾ, "ਜੇ ਤੁਸੀਂ ਮਨੁੱਖੀ ਅਧਿਕਾਰਾਂ ਵਾਸਤੇ ਕੰਮ ਕਰਨ ਵਾਲੇ ਕਿਸੇ ਆਦਮੀ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਲਗਾਉਣ ਲਈ ਸੱਚਮੁੱਚ ਗੰਭੀਰ ਹੋ ਤਾਂ ਤੁਹਾਨੂੰ ਦੂਰ ਲੱਭਣ ਜਾਣ ਦੀ ਜ਼ਰੂਰਤ ਹੀ ਨਹੀਂ। ਐਚ.ਸੀ.ਅਰੋੜਾ ਤੁਹਾਡੇ ਸਾਹਮਣੇ ਖੜ੍ਹਾ ਹੈ।" ਮੈਂ ਹੱਕਾ ਬੱਕਾ ਰਹਿ ਗਿਆ। ਐਡਵੋਕੇਟ ਜਨਰਲ ਮੱਤੇਵਾਲ ਬੋਲੇ "ਮੈਂ ਸੀ.ਐਮ. ਸਾਹਿਬ ਨਾਲ ਗੱਲ ਕਰਾਂਗਾ।" ਇਸ ਤਰ੍ਹਾਂ ਗੱਲ ਆਈ ਗਈ ਹੋ ਗਈ। ਪਰੰਤੂ ਇਹ ਵਾਕਿਆ ਮੈਨੂੰ ਹਮੇਸ਼ਾ ਯਾਦ ਰਹੇਗਾ।

# 43. ਮੱਖੀ ਮਾਰਨ ਲਈ ਐਟਮ ਬੰਬ ਦੀ ਵਰਤੋਂ

28 ਮਈ 2013 ਦੀ ਗੱਲ ਹੈ। ਮੇਰੇ ਵਲੋਂ ਪੰਜਾਬ ਦੇ ਮੁੱਖ ਸਕੱਤਰ ਰਾਕੇਸ਼ ਸਿੰਘ ਦੇ ਵਿਰੁੱਧ ਦਾਇਰ ਮਾਨ ਹਾਨੀ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਇੱਕ ਮੁੱਦਾ ਇਹ ਵੀ ਮੇਰੇ ਵਲੋਂ ਉਠਾਇਆ ਗਿਆ ਸੀ ਕਿ ਮੋਹਾਲੀ ਦੇ ਐਸ.ਐਸ.ਪੀ., ਗੁਰਪ੍ਰੀਤ ਸਿੰਘ ਭੁੱਲਰ ਨੂੰ ਤਿੰਨ ਸਾਲ ਦੀ ਮਿਆਦ ਪੂਰੀ ਹੋਣ ਦੇ ਬਾਅਦ ਵੀ ਪੰਜਾਬ ਪੁਲਿਸ ਐਕਟ ਦੀ ਉਲੰਘਣਾ ਕਰਦੇ ਹੋਏ ਮੋਹਾਲੀ ਵਿੱਚ ਹੀ ਰੱਖਿਆ ਜਾ ਰਿਹਾ ਸੀ। ਮੈਂ ਦੰਗ ਰਹਿ ਗਿਆ ਜਦੋਂ ਪੰਜਾਬ ਸਰਕਾਰ ਦੇ ਅਤਿਰਿਕਤ ਐਡਵੋਕੇਟ ਜਨਰਲ ਬੇਰੀ ਹੁਰਾਂ ਨੇ ਜਸਟਿਸ ਆਰ.ਕੇ. ਗਰਗ ਦੀ ਅਦਾਲਤ ਨੂੰ ਦੱਸਿਆ ਕਿ ਪੰਜਾਬ ਦੇ ਰਾਜਪਾਲ ਹੁਰਾਂ ਨੇ 27 ਮਈ 2013 (ਸੁਣਵਾਈ ਤੋਂ ਸਿਰਫ਼ ਇੱਕ ਦਿਨ ਪਹਿਲਾਂ) ਨੂੰ ਇੱਕ ਅਧਿਆਦੇਸ਼ ਜਾਰੀ ਕਰਕੇ ਪੰਜਾਬ ਪੁਲਿਸ ਦੇ ਅਫਸਰਾਂ ਦੀ ਇੱਕ ਹੀ ਸਥਾਨ ਤੇ ਤੈਨਾਤੀ ਦੀ ਅਧਿਕਤਮ ਮਿਆਦ 3 ਸਾਲ ਤੋਂ ਵਧਾ ਕੇ 5 ਸਾਲ ਕਰ ਦਿੱਤੀ ਹੈ। ਹੁਣ ਤਿੰਨ ਸਾਲ ਤੋਂ ਜ਼ਿਆਦਾ ਸਟੇ ਲਈ ਕਿਸੇ ਪੁਲਿਸ ਅਫਸਰ ਨੂੰ ਇੱਕ ਹੀ ਸਥਾਨ ਤੇ ਰੱਖਣ ਲਈ ਉੱਚਿਤ ਕਾਰਣ ਫਾਇਲ ਤੇ ਲਿਖਣਾ ਹੋਵੇਗਾ। ਬੇਰੀ ਸਾਹਿਬ ਨੇ ਇਹ ਵੀ ਦੱਸਿਆ ਕਿ ਅਧਿਆਦੇਸ਼ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇੱਕ ਪੁਲਿਸ ਅਫਸਰ ਤਬਦੀਲੀ ਤੋਂ ਬਚ ਸਕਿਆ।

ਮੈਨੂੰ ਲੱਗਿਆ ਕਿ ਇਹ ਤਾਂ ਮੱਖੀ ਨੂੰ ਮਾਰਨ ਲਈ ਐਟਮ ਬੰਬ ਦੀ ਵਰਤੋਂ ਕਰਨ ਵਾਲੀ ਗੱਲ ਸੀ।



# 44. ਕੀ ਪੰਜਾਬ ਸਰਕਾਰ ਮੈਨੂੰ ਪੰਜਾਬ 'ਚੋਂ ਬਾਹਰ ਭੇਜਣਾ ਚਾਹੁੰਦੀ ਸੀ ?


ਡੀ.ਐਸ. ਬੈਂਸ

ਜਨਵਰੀ 2011 ਦੀ ਗਲ ਹੈ। ਪੰਜਾਬ ਦੇ ਹੋਮ ਸਕੱਤਰ ਸ੍ਰੀ ਡੀ. ਐਸ ਬੈਂਸ ਨੇ ਮੈਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਮੈਂ ਉਹਨਾਂ ਦੇ ਦਫਤਰ ਪੁੱਜਾ ਤਾਂ ਹਾਲ ਚਾਲ ਪੁੱਛਣ ਤੋਂ ਬਾਅਦ ਉਹਨਾਂ ਨੇ ਮੇਰੇ ਜਨ ਹਿੱਤ ਦੇ ਕੰਮਾਂ ਦੀ ਤਾਰੀਫ ਕੀਤੀ। ਫਿਰ ਪੁੱਛਿਆ "ਕੀ ਤੁਸੀਂ ਪੰਜਾਬ ਹਰਿਆਣੇ ਵਿੱਚੋਂ ਕਿਸੇ ਐਸੈ ਸੂਚਨਾ ਕਾਰਜ ਕਰਤਾ ਦੀ ਸਿਫਾਰਿਸ਼ ਕਰ ਸਕਦੇ ਹੋ, ਜਿਹੜਾ ਇਮਾਨਦਾਰ ਹੋਵੇ ਅਤੇ ਕੇਂਦਰੀ ਸੂਚਨਾ ਆਯੋਗ ਵਿੱਚ ਸੂਚਨਾ ਆਯੁਕਤ ਬਣ ਕੇ ਜਾਣ ਲਈ ਤਿਆਰ ਹੋਵੇ ?" ਮੈਂ ਉੱਤਰ ਦਿੱਤਾ ਕਿ ਮੈਂ ਕੇਜਰੀਵਾਲ ਜੀ ਨਾਲ ਗੱਲ ਕਰਕੇ ਦਿੱਲੀ ਵਿੱਚ ਕੰਮ ਕਰ ਰਹੇ ਕਿਸੇ ਅਜਿਹੇ ਕਾਰਜ ਕਰਤਾ ਦੇ ਨਾਂ ਦੀ ਸਿਫਾਰਿਸ਼ ਕਰ ਸਕਦਾ ਹਾਂ, ਕਿਉਂਕਿ ਪੰਜਾਬ ਵਿੱਚੋਂ ਕੋਈ ਵੀ ਅਜਿਹਾ ਵਿਅਕਤੀ ਦਿੱਲੀ ਜਾਣ ਲਈ ਤਿਆਰ ਨਹੀਂ ਹੋਵੇਗਾ। ਉਹਨਾਂ ਕਿਹਾ "ਨਹੀਂ, ਸਿਰਫ਼ ਪੰਜਾਬ ਤੇ ਹਰਿਆਣੇ ਦਾ ਆਦਮੀ ਹੀ ਚਾਹੀਦਾ ਹੈ।" ਗੱਲ ਆਈ ਗਈ ਹੋ ਗਈ। ਪਰ ਇੱਕ ਸਵਾਲ ਮੇਰੇ ਮਨ ਵਿੱਚ ਪੈਦਾ ਕਰ ਗਈ, ਜਿਸ ਨੂੰ ਮੈਂ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

# 45. ਐਸ.ਐਮ.ਐਸ. ਅੰਦੋਲਨ

ਅਪ੍ਰੈਲ 2011 ਦੀ ਗੱਲ ਹੈ। ਪੰਜਾਬ ਆਰ.ਟੀ.ਆਈ. ਕਾਰਕੁੰਨ ਫੈਡਰੇਸ਼ਨ ਨੇ ਇੱਕ ਅਨੋਖਾ ਅੰਦੋਲਨ ਸ਼ੁਰੂ ਕੀਤਾ। ਆਰ.ਟੀ.ਆਈ ਕਾਰਕੁੰਨਾਂ ਨੇ ਪੰਜਾਬ ਦੇ 28 ਅਧਿਕਾਰੀਆਂ ਨੂੰ ਜਿਹੜੇ ਮੰਤਰੀਆਂ ਨਾਲ ਜੁੜੇ ਹੋਏ ਸਨ, ਆਪਣੇ-ਆਪਣੇ ਪੱਧਰ ਤੇ ਹਰ ਰੋਜ਼ ਐਸ.ਐਮ.ਐਸ ਭੇਜ ਕੇ ਮੰਗ ਕੀਤੀ ਕਿ ਪੰਜਾਬ ਰਾਜ ਸੂਚਨਾ ਆਯੋਗ ਵਿੱਚ ਘੱਟੋ ਘੱਟ ਅੱਧੇ ਸੂਚਨਾਂ ਆਯੁਕਤ ਆਰ.ਟੀ.ਆਈ ਕਾਰਕੁੰਨਾਂ ਵਿੱਚੋਂ ਲਗਾਏ ਜਾਣਾ। ਫੋਨ ਦੀਆਂ ਘੰਟੀਆਂ ਨੇ ਅਫਸਰਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਕੁਝ ਅਫਸਰ ਤਾਂ ਗੁੱਸੇ ਵਿੱਚ ਜਵਾਬੀ ਐਸ.ਐਮ.ਐਸ ਭੇਜ ਕੇ ਲਿਖ ਰਹੇ ਸਨ ਕਿ ਬੰਦ ਕਰੋ ਇਹ ਸਭ ਕੁਝ। ਸ਼੍ਰੀ ਧਨੋਆ, ਜੋ ਉਸ ਵੇਲੇ ਉੱਪ ਮੁੱਖ ਮੰਤਰੀ ਸਾਹਿਬ ਦੇ ਓ.ਐਸ.ਡੀ. ਸਨ, ਨੇ ਇੱਕ ਆਰ.ਟੀ.ਆਈ ਕਾਰਕੁੰਨ ਨੂੰ ਕਿਹਾ "ਤੁਹਾਡੇ ਮੁੱਦੇ ਰਾਜ ਸਰਕਾਰ ਨਾਲ ਸਬੰਧਤ ਹਨ। ਮੈਨੂੰ ਕਿਉਂ ਤੰਗ ਕਰਦੇ ਹੋ ?" ਮੈਂ ਉਸ ਸਮੇਂ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ, ਸ਼੍ਰੀ ਮਲਵਿੰਦਰ ਸਿੰਘ ਮਾਲੀ ਨੂੰ ਇੱਕ ਐਸ.ਐਮ.ਐਸ ਭੇਜ ਕੇ ਲਿਖਿਆ "ਮੈਨੂੰ ਅਫਸੋਸ ਹੈ ਕਿ ਕਾਰਕੁੰਨ ਤੁਹਾਨੂੰ ਐਸ.ਐਮ.ਐਸ ਭੇਜ ਰਹੇ ਹਨ। ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ, ਜੇਕਰ ਤੁਸੀਂ ਸਾਡੇ ਜਜ਼ਬਾਤ ਮੁੱਖ ਮੰਤਰੀ ਸਾਹਿਬ ਤੱਕ ਪਹੁੰਚਾ ਦੇਵੋ।" ਉਹਨਾਂ ਤੁਰੰਤ ਜਵਾਬ ਦਿੱਤਾ "ਮੈਂ ਪੂਰੀ ਤਰ੍ਹਾਂ ਤੁਹਾਡੇ ਨਾਲ ਹਾਂ, ਪਰੰਤੂ ਜ਼ਿਆਦਾ ਅੱਛਾ ਹੋਵੇਗਾ, ਜੇਕਰ ਤੁਸੀਂ ਮੰਤਰੀ ਸਾਹਿਬ ਨੂੰ ਇੱਕ ਵਫਦ ਦੇ ਰੂਪ ਵਿੱਚ ਮਿਲੋ, ਜਾਂ ਸਿੱਧੇ ਈ-ਮੇਲ ਭੇਜ ਦਿਓ।"



# 46. ਰਾਜਨੀਤੀ

ਕੁਝ ਮਹੀਨੇ ਪਹਿਲਾਂ ਦੀ ਗੱਲ ਹੈ। ਮੈਨੂੰ ਕਿਸੇ ਰਾਜਨੀਤਿਕ ਦਲ ਦੇ ਇੱਕ ਨੇਤਾ ਦਾ, ਜੋ ਇੱਕ ਸਾਬਕਾ ਸਰਕਾਰੀ ਅਫਸਰ ਸੀ, ਫੋਨ ਆਇਆ। ਉਹ ਇੱਕ ਸ਼ਰੀਫ ਇਨਸਾਨ ਲੱਗਦਾ ਸੀ। ਪਹਿਲਾਂ ਵੀ ਦੋ ਤਿੰਨ ਵਾਰੀਂ ਸੂਚਨਾ ਅਧਿਕਾਰ ਕਾਨੂੰਨ ਬਾਰੇ ਮੈਨੂੰ ਮਿਲ ਚੁੱਕਾ ਸੀ। ਉਸਨੇ ਮੈਨੂੰ ਪੁੱਛਿਆ "ਕੀ ਤੁਸੀਂ ਸਾਡੀ ਪਾਰਟੀ ਦੇ ਸੂਚਨਾ ਅਧਿਕਾਰ ਸੈੱਲ ਦਾ ਮੁੱਖੀ ਬਣਨਾ ਚਾਹੋਗੇ ?" ਮੇਰਾ ਜਵਾਬ ਸੀ "ਨਹੀਂ ਜਨਾਬ, ਮੈਂ ਕਿਸੇ ਰਾਜਨੀਤਿਕ ਦਲ ਵਿੱਚ ਨਹੀਂ ਜਾਣਾ।" ਗੱਲ ਆਈ ਗਈ ਹੋ ਗਈ। ਉਸ ਤੋਂ ਕੋਈ ਦੋ ਹਫਤੇ ਬਾਅਦ ਅਖ਼ਬਾਰ ਵਿੱਚ ਖ਼ਬਰ ਆ ਗਈ। ਉਹ ਨੇਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਉਹਨੀਂ ਦਿਨੀਂ ਹੀ ਇੱਕ ਹੋਰ ਫੋਨ ਆਇਆ ਸੀ। ਇੱਕ ਹੋਰ ਰਾਜਨੀਤਿਕ ਦਲ ਵਲੋਂ ਕੁਝ ਪ੍ਰਤੀਨਿਧੀ ਮੈਨੂੰ ਮਿਲਣ ਲਈ ਚੱਲੇ ਹੋਏ ਸਨ। ਉਹਨਾਂ ਦੱਸਿਆ ਕਿ ਮੇਰੇ ਅਤੇ ਉਹਨਾਂ ਦੇ ਵਿਚਾਰਾਂ ਦੀ ਸਾਂਝ ਹੈ। ਮੈਂ ਸਿਰਫ਼ ਇਹੋ ਜਵਾਬ ਦਿੱਤਾ "ਵਿਚਾਰਾਂ ਦੀ ਸਾਂਝ ਹੋ ਸਕਦੀ ਹੈ, ਪਰੰਤੂ ਮੈਂ ਕਿਸੇ ਰਾਜਨੀਤਿਕ ਦਲ ਵਿੱਚ ਸ਼ਾਮਲ ਨਹੀਂ ਹੋਵਾਂਗਾ।" ਫੋਨ ਕਰਨ ਵਾਲੇ ਨੇ ਕਿਹਾ "ਪਰੰਤੂ ਆਪਾਂ ਮਿਲ ਤਾਂ ਸਕਦੇ ਹਾਂ।" ਮੈਂ ਹਾਂ ਕਰ ਦਿੱਤੀ। ਪਰੰਤੂ ਉਹ ਅੱਜ ਤਕ ਮੇਰੇ ਘਰ ਨਹੀਂ ਪਹੁੰਚੇ। ਲੱਗਦਾ ਹੈ ਕਿ ਸਫਰ ਲੰਬਾ ਹੋ ਗਿਆ ਸੀ।

# 47. ਵਿਵੇਕ ਅੱਤਰੇ



9 ਜੁਲਾਈ, 2016 ਨੂੰ ਹਰਿਆਣੇ ਦੀ ਆਈ.ਏ.ਐਸ. ਅਫਸਰ ਵਿਵੇਕ ਅੱਤਰੇ ਵਲੋਂ ਵਲੰਟਰੀ ਰਿਟਾਇਰਮੈਂਟ ਲਏ ਜਾਣ ਦੀ ਖਬਰ ਆਈ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਂ ਉਸਨੂੰ ਕਦੇ ਨਹੀਂ ਮਿਲਿਆ, ਨਾ ਉਸ ਨੂੰ ਜਾਣਦਾ ਹਾਂ। ਉਹ 2008 ਤੋਂ 2010 ਦੌਰਾਨ ਦੋ ਸਾਲ ਲਈ ਵਿਸ਼ੇਸ਼ ਪ੍ਰਕਾਰ ਦੀ ਛੁੱਟੀ ਤੇ ਗਿਆ ਸੀ। ਉਹਨਾਂ ਦੋ ਸਾਲਾਂ ਦੌਰਾਨ ਉਸ ਨੇ ਇੱਕ ਨਿੱਜੀ ਕੰਪਨੀ ਕੋਲ ਨੌਕਰੀ ਕਰਨੀ ਸੀ। ਉੱਥੋਂ ਉਸਨੂੰ ਮੋਟੀ ਤਨਖਾਹ ਮਿਲਣੀ ਸੀ। ਇਸ ਪ੍ਰਕਾਰ ਦੀ ਛੁੱਟੀ ਨੂੰ 'ਸੁਬੇਟੀਕਲ ਲੀਵ' ਕਹਿੰਦੇ ਹਨ। ਇੱਕ ਸ਼ਕਤੀਸ਼ਾਲੀ ਵਿਅਕਤੀ ਨੂੰ ਇਹ ਸਭ ਕੁਝ ਬਹੁਤ ਚੁੱਭਿਆ। ਉਸਨੇ ਮੈਨੂੰ ਫੋਨ ਕਰਕੇ ਅੱਤਰੇ ਦੇ ਖਿਲਾਫ ਜਨ ਹਿੱਤ ਪਟੀਸ਼ਨ ਪਾਉਣ ਲਈ ਕਿਹਾ। ਮੈਂ ਵਿਚਾਰ ਕਰਨ ਦਾ ਵਾਇਦਾ ਕੀਤਾ। ਕੁਝ ਦਿਨ ਬੀਤਣ ਤੋਂ ਬਾਅਦ ਇੱਕ ਹੋਰ ਮਹੱਤਵਪੂਰਨ ਆਦਮੀ ਇੱਕ ਬਣੀ ਬਣਾਈ ਜਨ ਹਿੱਤ ਪਟੀਸ਼ਨ ਲੈ ਕੇ ਮੇਰੇ ਕੋਲ ਆਇਆ। ਮੈਂ ਪਟੀਸ਼ਨ ਉੱਪਰ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਮੈਂ ਉਸ ਨੂੰ ਦੱਸਿਆ ਕਿ ਇਸ ਪ੍ਰਕਾਰ ਦੀ ਛੁੱਟੀ ਦੀ ਸੁਵਿਧਾ ਚਾਹੇ ਕਿੰਨੀ ਵੀ ਅਨੁਚਿਤ ਹੋਵੇ, ਹਰ ਉਹ ਕਰਮਚਾਰੀ ਇਸ ਦਾ ਲਾਭ ਉੱਠਾ ਸਕਦਾ ਸੀ, ਜਿਹੜਾ ਇਸ ਦੀ ਪਾਤਰਤਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਇਸੇ ਲਈ ਵਿਵੇਕ ਅੱਤਰੇ ਨੂੰ ਨਿਸ਼ਾਨਾ ਬਣਾਉਣਾ ਉਚਿੱਤ ਨਹੀਂ ਜਾਪਦਾ। ਉਹ ਵਿਚੋਲੀਆਂ ਬਹੁਤ ਹੀ ਨਿਰਾਸ਼ ਵਾਪਸ ਗਿਆ। ਇਹ ਕਿੱਸਾ ਮੈਂ ਭੁੱਲ ਨਹੀਂ ਸਕਦਾ।



# 48. ਪੰਜਾਬ ਸਰਕਾਰ ਮੇਰੇ ਤੇ ਖ਼ੁਸ਼

ਅਜਿਹਾ ਸ਼ਾਇਦ ਪਹਿਲੀ ਵਾਰੀ ਹੋਇਆ ਕਿ ਪੰਜਾਬ ਸਰਕਾਰ ਨੇ ਆਪਣੇ ਜਵਾਬ ਦਾਅਵੇ ਵਿੱਚ ਮੇਰੀ ਜਨ ਹਿੱਤ ਪਟੀਸ਼ਨ ਦਾ ਵਿਰੋਧ ਨਾਂ ਕੀਤਾ ਹੋਵੇ। ਕੁਝ ਦਿਨ ਪਹਿਲਾਂ ਪੰਜਾਬੀ ਸੂਬੇ ਦੇ ਸੰਬੰਧ ਵਿੱਚ ਸਨਮਾਨ ਪੈਨਸ਼ਨ ਬੰਦ ਕਰਣ ਦੀ ਮੰਗ ਕਰਨ ਵਾਲੀ ਜਨ ਹਿੱਤ ਪਟੀਸ਼ਨ ਦਾ ਵਿਰੋਧ ਕਰਦੇ ਹੋਏ ਪੰਜਾਬ ਸਰਕਾਰ ਨੇ ਮੇਰੀ ਸੋਚ ਅਤੇ ਮੇਰੇ ਕੰਮਾਂ ਉੱਤੇ ਵੀ ਤਿੱਖੇ ਹਮਲੇ ਕੀਤੇ ਸਨ। ਇਸ ਦੇ ਵਿਪਰੀਤ ਮੇਰੀ ਬਠਿੰਡਾ, ਸਾਹਨੇਵਾਲ ਅਤੇ ਪਠਾਨਕੋਟ ਦੇ ਘਰੇਲੂ ਹਵਾਈ ਅੱਡਿਆਂ ਨੂੰ ਚਾਲੂ ਕਰਵਾਉਣ ਵਾਸਤੇ ਪਾਈ ਜਨ ਹਿੱਤ ਪਟੀਸ਼ਨ ਦੇ 12.7.2016 ਦੇ ਜਵਾਬ ਵਿੱਚ ਪੰਜਾਬ ਸਰਕਾਰ ਨੇ ਮੇਰੀ ਮੰਗ ਬਾਰੇ ਇੱਕ ਵੀ ਵਿਪਰੀਤ ਟਿੱਪਣੀ ਨਹੀਂ ਕੀਤੀ। ਹਾਂ ਮੇਰੀ ਪਿੱਠ ਜ਼ਰੂਰ ਨਹੀਂ ਥਪਥਪਾਈ। ਚਲੋ ਚੁੱਪ ਹੀ ਸਹੀ। ਇਹ ਵੀ ਤਾਂ ਆਪਣੇ ਆਪ ਵਿੱਚ ਸਰਾਹਨਾ ਹੀ ਹੈ।

# 49. ਐਕਟੀਵਿਸਟ ਦੀ ਪਹਿਚਾਣ

ਜਨਤਾ ਦਾ ਹਿੱਤ ਹੀ ਕਿਸੇ ਸਰਕਾਰ ਦਾ ਹਿੱਤ ਹੁੰਦਾ ਹੈ। ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਜਿਹੜੇ ਕੰਮ ਸਰਕਾਰ ਚਾਹ ਕੇ ਵੀ ਨਹੀਂ ਕਰ ਸਕਦੀ, ਉਹੀ ਕੰਮ ਹਾਈ ਕੋਰਟ ਦੇ ਨਿਰਦੇਸ਼ ਤੇ ਖ਼ੁਸ਼ੀ-ਖ਼ੁਸ਼ੀ ਕਰ ਦਿੰਦੀ ਹੈ। ਅੰਤ ਵਿੱਚ ਸੇਹਰਾ ਸਰਕਾਰ ਨੂੰ ਬੱਝਦਾ ਹੈ। ਇਸੇ ਲਈ ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਹਰ ਚੰਗੀ ਜਨ ਹਿੱਤ ਪਟੀਸ਼ਨ ਦਾ ਸਵਾਗਤ ਕਰਨਾਂ ਚਾਹੀਦਾ ਹੈ। ਜਨ ਹਿੱਤ ਪਟੀਸ਼ਨਾ ਦਾ ਲਾਭ ਸਦਾ ਸਰਕਾਰ ਨੂੰ ਹੀ ਮਿਲਦਾ ਹੈ।

ਸੁਨਾਮ ਰੇਲਵੇ ਸਟੇਸ਼ਨ ਦੇ ਨਵੇਂ ਨਾਮਕਰਣ ਦੀ ਗੱਲ ਕਰੀਏ। ਜਿਸ ਦਿਨ ਉੱਥੇ ਸਮਾਗਮ ਹੋਵੇਗਾ। ਉੱਥੇ ਮੰਤਰੀ ਅਤੇ ਸੰਤਰੀ ਹੀ ਹੋਣਗੇ। ਜਨਤਾ ਵੀ ਹੋਵੇਗੀ। ਬੱਲੇ-ਬੱਲੇ ਨੇਤਾਵਾਂ ਦੀ ਹੋਵੇਗੀ। ਹਰੀ ਚੰਦ ਉੱਥੇ ਨਹੀਂ ਹੋਵੇਗਾ।

ਜਿਸ ਦਿਨ ਅਜਿਹੇ ਸਮਾਗਮਾਂ ਵਿੱਚ ਮੇਰੇ ਵਰਗੇ ਐਕਟਿਵਿਸਟ ਨੂੰ ਸਟੇਜ ਤੇ ਬਿਠਾ ਲਿਆ ਜਾਵੇਗਾ, ਉਸ ਦਿਨ ਤੋਂ ਉਸਦਾ ਪਤਨ ਸ਼ੁਰੂ ਹੋ ਜਾਵੇਗਾ। ਜਿਸ ਦਿਨ ਕਿਸੇ ਐਕਟਵਿਸਟ ਨੂੰ ਸਨਮਾਨਿਤ ਕੀਤਾ ਜਾਵੇਗਾ, ਉਹ ਜਨਤਾ ਦੀਆਂ ਨਜ਼ਰਾਂ ਵਿੱਚ ਸਰਕਾਰ ਦਾ ਪਿੱਠੂ ਕਹਾਵੇਗਾ।

ਐਕਟਵਿਸਟ ਦਾ ਫ਼ਰਜ਼ ਹੈ ਸਰਕਾਰ ਨੂੰ ਠੋਕ ਠਾਕ ਕੇ ਸਹੀ ਰਾਹ 'ਤੇ ਰੱਖਣਾ। ਸਰਕਾਰ ਸਹੀ ਰਾਹ ਤੇ ਚੱਲੇਗੀ ਤਾਂ ਉਸ ਦਾ ਫ਼ਾਇਦਾ ਵੀ ਸਰਕਾਰ ਨੂੰ ਹੀ ਮਿਲੇਗਾ। ਐਕਟਵਿਸਟ ਤਾਂ ਫ਼ਕੀਰ ਹੁੰਦਾ ਹੈ। ਉਸਨੂੰ ਸਰਕਾਰ ਕੁਝ ਨਹੀਂ ਦੇ ਸਕਦੀ। ਨਾਂ ਹੀ ਉਸ ਨੂੰ ਕਿਸੇ ਦੀ ਮੇਹਰਬਾਨੀ ਦੀ ਲੋੜ ਹੁੰਦੀ ਹੈ। ਉਸ ਦਾ ਆਤਮ ਸਨਮਾਨ, ਉਸਦੀ ਜ਼ਮੀਰ ਉਸ ਦਾ ਵੱਡਮੁੱਲਾ ਗਹਿਣਾ ਹੁੰਦੇ ਹਨ ਜੋ ਕਿ ਵਿਕਾਊ ਨਹੀਂ ਹੁੰਦੇ।

ਐਕਟਵਿਸਟ ਨੂੰ ਕੋਈ ਫਰਕ ਨਹੀਂ ਪੈਂਦਾ। ਭਾਵੇਂ ਸਰਕਾਰ ਬਾਦਲਾਂ ਦੀ ਹੋਵੇ, ਜਾਂ ਕੇਜਰੀਵਾਲ ਦੀ, ਜਾਂ ਫਿਰ ਅਮਰਿੰਦਰ ਸਿੰਘ ਦੀ। ਉਸਨੇ ਹਰ ਸਰਕਾਰ ਨੂੰ ਠੋਕ ਕੇ ਰੱਖਣਾ ਹੈ। ਉਸਦੀ ਹਮਦਰਦੀ ਕਿਸੇ ਰਾਜਨੀਤਿਕ ਦਲ ਨਾਲ ਹੋ ਸਕਦੀ ਹੈ, ਪਰ ਉਹ ਕਿਸੇ ਵੀ ਸੱਤਾ ਧਾਰੀ ਦਲ ਨੂੰ ਮਾਫ਼ ਨਹੀਂ ਕਰਦਾ। ਜਿੱਥੇ ਗਲਤੀ ਵਿਖੇ, ਉਸਨੂੰ ਠੀਕ ਕਰਨ ਲਈ ਤੁਰੰਤ ਕਾਰਵਾਈ ਕਰਦਾ ਹੈ।



# 50. ਬਲਤਕਾਰ ਦੇ ਸਜ਼ਾ ਯਾਫਤਾ ਕੈਦੀ

ਪੰਜਾਬ ਵਿੱਚ ਪਹਿਲਾਂ ਮਿੱਤੀ 8.8.2011 ਦੇ ਸਕਰਕੁਲਰ ਅਨੁਸਾਰ ਬਲਾਤਕਾਰ ਦੇ ਸਜ਼ਾ ਯਾਫਤਾ ਉਮਰ ਕੈਦੀਆਂ ਨੂੰ ਵੀ ਬਾਕੀ ਅਪਰਾਧੀਆਂ ਵਾਂਗ ਸਮੇਂ-ਸਮੇਂ 'ਤੇ ਸਜ਼ਾ ਵਿੱਚ ਛੋਟਾਂ ਮਿਲਦੀਆਂ ਸਨ। ਉਹਨਾਂ ਨੂੰ ਅਗੇਤੀ ਰਿਹਾਈ ਦੀ ਸਹੂਲਤ ਵੀ ਬਾਕੀ ਕੈਦੀਆਂ ਵਾਂਗ ਮਿਲਦੀ ਸੀ, ਕਿਉਂਕਿ ਬਲਾਤਕਾਰ ਦੇ ਜੁਰਮ ਨੂੰ ਘਿਨੌਣੇ ਜੁਰਮਾਂ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ। ਦਿਸੰਬਰ, 2012 ਦੇ ਨਿਰਭੈਆ ਕਾਂਡ ਤੋਂ ਤੁਰੰਤ ਬਾਅਦ 8 ਜਨਵਰੀ 2013 ਵਾਲੇ ਦਿਨ ਮੇਰੀ ਜਨ ਹਿੱਤ ਪਟੀਸ਼ਨ (ਸਿਵਲ ਰਿੱਟ ਪਟੀਸ਼ਨ ਨੰਬਰ 86/2013) ਵਿੱਚ ਕੋਰਟ ਵਲੋਂ ਨੋਟਿਸ ਜਾਰੀ ਕੀਤਾ ਗਿਆ। ਕੁਝ ਸੁਣਵਾਈਆਂ ਤੋਂ ਬਾਅਦ ਪੰਜਾਬ ਸਰਕਾਰ ਨੇ 4.4.2013 ਨੂੰ ਇੱਕ ਨਵਾਂ ਸਰਕੁਲਰ ਜਾਰੀ ਕਰਕੇ ਆਪਣੇ ਪਹਿਲੇ ਸਰਕੁਲਰ ਵਿੱਚ ਸੋਧ ਕਰਦੇ ਹੋਏ ਬਲਾਤਕਾਰ ਦੇ ਸਜ਼ਾ ਯਾਫਤਾ ਉਮਰ ਕੈਦੀਆਂ ਨੂੰ ਸਜ਼ਾ ਵਿੱਚ ਛੋਟਾਂ ਬੰਦ ਕਰ ਦਿੱਤੀਆਂ ਹਨ, ਨਾਂ ਹੀ ਹੁਣ ਉਹਨਾਂ ਨੂੰ ਅਗੇਤੀ ਰਿਹਾਈ ਦੀ ਸਹੂਲਤ ਮਿਲਦੀ ਹੈ। ਅਜਿਹੇ ਕੈਦੀ ਨੂੰ ਆਪਣੀ ਪੂਰੀ ਸਜ਼ਾ ਭੁਗਤਣੀ ਪੈਂਦੀ ਹੈ।

## 51. ਜੁਬਾਨ ਦੀ ਸਲਿੱਪ

10.8.2009 ਦੀ ਗੱਲ ਹੈ। ਮੇਰੀ ਇੱਕ ਜਨ ਹਿੱਤ ਪਟੀਸ਼ਨ ਤੇ ਬਹਿਸ ਹੋ ਰਹੀ ਸੀ। ਮੇਰੀ ਬੇਨਤੀ ਸੀ ਕਿ ਪੰਜਾਬ, ਹਰਿਆਣਾ ਸਰਕਾਰਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਆਪਣੇ ਸਾਰੇ ਕਾਨੂੰਨਾਂ ਅਤੇ ਰੂਲਾਂ ਨੂੰ ਵੈੱਬਸਾਈਟ ਉੱਪਰ ਪ੍ਰਕਾਸ਼ਤ ਕਰਨ। ਸੂਚਨਾ ਅਧਿਕਾਰ ਕਾਨੂੰਨ ਦੀ ਧਾਰਾ 4 ਅਨੁਸਾਰ ਅਜਿਹਾ ਕਰਨਾ ਜ਼ਰੂਰੀ ਸੀ। ਚੀਫ਼ ਜਸਟਿਸ ਸਾਹਿਬ ਦੀ ਬੈਂਚ ਜਕੋ ਤੱਕੀ ਵਿੱਚ ਸੀ। ਇੱਕ ਸਰਕਾਰੀ ਵਕੀਲ ਸਾਹਿਬ ਨੇ ਬੈਂਚ ਨੂੰ ਪ੍ਰਭਾਵਤ ਕਰਨ ਲਈ ਦਲੀਲ ਦੇ ਮਾਰੀ ਕਿ ਪਟੀਸ਼ਨਰ ਅੱਜ ਤਾਂ ਸਿਰਫ਼ ਸਰਕਾਰਾਂ ਦੇ ਸਬੰਧ ਵਿੱਚ ਰਾਹਤ ਮੰਗ ਰਿਹਾ ਹੈ। ਕੱਲ੍ਹ ਨੂੰ ਇਹ ਮੰਗ ਕਰੇਗਾ ਕਿ ਇਹ ਹਾਈ ਕੋਰਟ ਵੀ ਆਪਣੇ ਸਾਰੇ ਕਾਨੂੰਨ ਅਤੇ ਰੂਲ ਵੈੱਬਸਾਈਟ ਉੱਤੇ ਪ੍ਰਕਾਸ਼ਤ ਕਰੇ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਕਹਿੰਦਾ, ਚੀਫ਼ ਜਸਟਿਸ ਸਾਹਿਬ ਨੇ ਆਪਣਾ ਫੈਸਲਾ ਲਿਖਵਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਸਾਰੇ ਪ੍ਰਤੀਵਾਦੀਆਂ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਆਪਣੇ ਸਾਰੇ ਕਾਨੂੰਨ ਅਤੇ ਰੂਲ ਵੈੱਬਸਾਈਟ ਉੱਤੇ ਪਾਉਣ ਦਾ ਹੁਕਮ ਸੁਣਾ ਦਿੱਤਾ।



## 52. ਫਰਿਸ਼ਤੇ ਦਾ ਅਸ਼ੀਰਵਾਦ।

ਫਰਵਰੀ 18 ਜਾਂ 19, 2011 ਦੀ ਗੱਲ ਹੈ। ਇੱਕ ਬਜ਼ੁਰਗ ਸਰਦਾਰ ਜੀ ਅਚਾਨਕ ਮੇਰੇ ਦਫਤਰ ਪਧਾਰੇ ਅਤੇ ਮੇਰੇ ਸਾਹਮਣੇ ਆ ਕੇ ਹੱਥ ਜੋੜ ਕੇ ਖੜੇ ਹੋ ਗਏ। ਮੇਰੇ ਪੁੱਛਣ ਤੇ ਉਹਨਾਂ ਨੇ ਦੱਸਿਆ "ਮੈਂ ਉਸ ਬੇਟੇ ਦਾ ਬਾਪ ਹਾਂ, ਜਿਸਨੂੰ ਇੱਕ ਪੁਲਸ ਅਫਸਰ ਨੇ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਪੁਲਸ ਅਫਸਰ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ ਸੀ। ਪਰੰਤੂ ਉਹ ਜ਼ਮਾਨਤ ਤੇ ਬਾਹਰ ਆ ਗਿਆ ਅਤੇ ਫਿਰ ਪੁਲਿਸ ਦੀ ਨੌਕਰੀ ਵਿੱਚ ਬਹਾਲ ਹੋ ਗਿਆ ਸੀ। ਅਸੀਂ ਬਹੁਤ ਕੋਸ਼ਿਸ਼ ਕੀਤੀਆਂ, ਪਰ ਉਸ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕਰਵਾ ਸਕੇ।" ਮੈਂ ਜਦੋਂ ਉਹਨਾਂ ਨੂੰ ਇਹ ਪੁੱਛਿਆ ਕਿ ਬਜ਼ੁਰਗੋ, ਤੁਸੀਂ ਮੇਰੇ ਕੋਲੋਂ ਕੀ ਚਾਹੁੰਦੇ ਹੋ ਤਾਂ ਉਸ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਹ ਬੋਲਿਆ "ਮੈਂ ਤਾਂ ਸਿਰਫ਼ ਤੁਹਾਡਾ ਧੰਨਵਾਦ ਕਰਨ ਆਇਆਂ ਹਾਂ, ਕਿਉਂਕਿ ਅੱਜ ਦੇ ਅਖ਼ਬਾਰਾਂ ਵਿੱਚ ਆਇਆ ਹੈ ਕਿ ਤੁਸੀਂ ਜਨ ਹਿੱਤ ਪਟੀਸ਼ਨ ਰਾਹੀਂ ਉਸ ਜ਼ਾਲਮ ਨੂੰ ਨੌਕਰੀ ਵਿੱਚੋਂ ਕਢਵਾ ਦਿੱਤਾ ਹੈ।"

ਮੈਂ ਵੀ ਉਸ ਦੇ ਅੱਗੇ ਹੱਥ ਜੋੜ ਕੇ ਖੜਾ ਹੋ ਗਿਆ। "ਵਾਹਿਗੁਰੂ ਕਰਨ ਵਾਲਾ ਹੈ ਬਜ਼ੁਰਗੋ। ਮੈਂ ਵਿਚਾਰਾ ਕੀ ਕਰ ਸਕਦਾ ਹਾਂ।" "ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲੈਣਾ" ਕਹਿ ਕੇ ਉਹ ਬਜ਼ੁਰਗ ਚਲਾ ਗਿਆ। ਮੈਨੂੰ ਲੱਗਦਾ ਹੈ ਕਿ ਕੋਈ ਫਰਿਸ਼ਤਾ ਅਸ਼ੀਰਵਾਦ ਦੇਣ ਲਈ ਖੁਦ ਚੱਲ ਕੇ ਮੇਰੇ ਘਰ ਆਇਆ ਸੀ।

## 53. ਲੰਬੀ ਲੜਾਈ–ਮੁੱਖ ਪਾਰਲੀਮੈਂਟਰੀ ਸਕੱਤਰਾਂ ਦੇ ਵਿਰੁੱਧ :

ਪਹਿਲਾਂ ਮੈਂ ਅਪ੍ਰੈਲ 2007 ਵਿੱਚ ਮੁੱਖ ਪਾਰਲੀਮੈਂਟ ਸਕੱਤਰਾਂ ਨੂੰ ਹਟਾਣ ਲਈ ਜਨ ਹਿੱਤ ਪਟੀਸ਼ਨ ਦਾਦਿਰ ਕੀਤੀ ਸੀ। ਉਸ ਵਿੱਚ ਬਹੁਤ ਵਾਰ ਸੁਣਵਾਈਆਂ ਹੋਈਆਂ ਤੇ ਬਹੁਤ ਵਾਰੀ ਤਾਰੀਖਾਂ ਪਈਆਂ। ਇੱਕ ਵਾਰੀ ਤਾਂ ਦਿਨ ਪ੍ਰਤੀ ਦਿਨ ਸੁਣਵਾਈ ਦੇ ਹੁਕਮ ਵੀ ਹੋਏ। ਇਸੇ ਤਰ੍ਹਾਂ ਪੰਜ ਸਾਲ ਲੰਘ ਗਏ। ਦੁਬਾਰਾ ਚੋਣਾਂ ਹੋ ਗਈਆਂ। ਪਹਿਲੇ ਵਾਲੇ ਮੁੱਖ ਪਾਰਲੀਮੈਂਟਰੀ ਸਕੱਤਰਾਂ ਦੀ ਮਿਆਦ ਖ਼ਤਮ ਹੋ ਗਈ। ਮੈਂ ਆਪਣੀ ਜਨ ਹਿੱਤ ਪਟੀਸ਼ਨ ਵਾਪਸ ਲੈ ਲਈ।

ਦੁਬਾਰਾ 2012 ਦੀਆਂ ਚੋਣਾਂ ਤੋਂ ਬਾਅਦ ਫਿਰ ਅਜਿਹੀ ਪਟੀਸ਼ਨ ਦਾਖ਼ਲ ਕੀਤੀ, ਕਿਉਂਕਿ ਮੌਜੂਦਾ ਸਰਕਾਰ ਨੇ ਫਿਰ ਮੁੱਖ ਪਾਰਲੀਮੈਂਟਰੀ ਸਕੱਤਰਾਂ ਦੀ ਫ਼ੌਜ ਤੈਨਾਤ ਕਰ ਦਿੱਤੀ ਸੀ। ਉਹ ਪਟੀਸ਼ਨ ਹੁਣ ਜਾ ਕੇ 12.8.2016 ਨੂੰ ਪ੍ਰਵਾਨ ਹੋਈ। ਮੁੱਖ ਪਾਰਲੀਮੈਂਟਰੀ ਸਕੱਤਰਾਂ ਨੂੰ ਹਟਾਣ ਦਾ ਹੁਕਮ ਸੁਣਾ ਦਿੱਤਾ ਗਿਆ।


ਇਸ ਤਰ੍ਹਾਂ ਇੱਕ ਲੰਬੀ ਲੜਾਈ ਸੀ ਜੋ ਪ੍ਰਵਾਨ ਚੜ੍ਹ ਗਈ।



## 54. ਲਾਈਫ਼ ਟਾਇਮ ਅਚੀਵਮੈਂਟ ਅਵਾਰਡ

ਕੁਝ ਸਾਲ ਪਹਿਲਾਂ ਚੰਡੀਗੜ੍ਹ ਤੋਂ ਛਪਦੇ ਇੱਕ ਅੰਗਰੇਜ਼ੀ ਅਖ਼ਬਾਰ ਦੇ ਲੋਕਲ ਸੰਪਾਦਕ ਨੂੰ ਹਰਿਆਣਾ ਸਰਕਾਰ ਵਲੋਂ ਲਾਈਫ ਟਾਈਮ ਅਚੀਵਮੈਂਟ ਅਵਾਰਡ ਦਿੱਤਾ ਗਿਆ ਸੀ। ਕੁਝ ਹੋਰ ਪੱਤਰਕਾਰਾਂ ਨੂੰ ਵੀ ਸਨਮਾਨ ਦਿੱਤੇ ਗਏ ਸਨ। ਇੱਕ ਦੂਸਰੇ ਅੰਗਰੇਜ਼ੀ ਅਖ਼ਬਾਰ ਨੇ ਮੇਰੇ ਵਲੋਂ ਆਰ.ਟੀ.ਆਈ ਰਾਹੀਂ ਪ੍ਰਾਪਤ ਸੂਚਨਾ ਨੂੰ ਬੜੇ ਜੋਸ਼ ਨਾਲ ਲਿਆ। ਇੱਕ ਵਰਿਸ਼ਟ ਪੱਤਰਕਾਰ ਨੇ ਕਹਾਣੀ ਲਿਖੀ। ਕਹਾਣੀ ਉਸ ਅਖਬਾਰ ਦੇ ਮੁੱਖ ਦਫਤਰ ਦਿੱਲੀ ਭੇਜੀ ਗਈ। ਉਹ ਕਹਾਣੀ ਦਿੱਲੀ ਹੀ ਰਹਿ ਗਈ। ਅਜੇ ਤੱਕ ਨਹੀਂ ਛਪੀ। ਪੁੱਛਣ ਤੇ ਪਤਾ ਲੱਗਿਆ ਕਿ "ਪੱਤਰਕਾਰਿਤਾ ਨਾਲ ਜੁੜੇ ਹੋਏ ਕਾਰਣਾਂ ਕਰਕੇ ਕਹਾਣੀ ਨਹੀਂ ਛਪ ਸਕਦੀ।"

# 55. ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ–ਇੱਕ ਯਾਦ



ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ ਨੂੰ ਹਾਈ ਕੌਰਟ ਵਿੱਚ ਆਇਆਂ ਅਜੇ ਦੋ ਜਾਂ ਤਿੰਨ ਦਿਨ ਹੋਏ ਸਨ। ਉਹਨਾਂ ਦਿਨਾਂ ਵਿੱਚ ਹਾਈ ਕੌਰਟ ਵਿੱਚ ਮੇਰੇ ਵਲੋਂ ਦਾਖਲ ਕੀਤੀਆਂ ਜਨ ਹਿੱਤ ਪਟੀਸ਼ਨਾਂ ਦੀ ਭਰਮਾਰ ਸੀ। ਇੱਕ ਦਿਨ ਇਕੱਠੀਆਂ ਪੰਜ ਛੇ ਪਟੀਸ਼ਨਾਂ ਸੁਣਵਾਈ ਲਈ ਆ ਗਈ। ਦਿਲ ਡਰ ਰਿਹਾ ਸੀ। ਚੀਫ਼ ਜਸਟਿਸ ਤੀਰਥ ਸਿੰਘ ਠਾਕੁਰ ਦਾ ਵਤੀਰਾ ਕਾਫ਼ੀ ਸਖ਼ਤ ਲੱਗ ਰਿਹਾ ਸੀ। ਆਖਿਰ ਉਹ ਪਲ ਵੀ ਆ ਗਿਆ ਜਿਸਦਾ ਡਰ ਸੀ। ਚੀਫ਼ ਜਸਟਿਸ ਹੁਰਾਂ ਨੇ ਮੈਨੂੰ ਤਿੱਖਾ ਸਵਾਲ ਕੀਤਾ "ਤੁਹਾਡੀਆਂ ਕਿੰਨੀਆਂ ਜਨ ਹਿੱਤ ਪਟੀਸ਼ਨਾਂ ਇਸ ਕੋਰਟ ਵਿੱਚ ਪੈਂਡਿੰਗ ਹਨ ?" ਉਹਨਾਂ ਦਾ ਅਗਲਾ ਸਵਾਲ ਸੀ "ਕੀ ਤੁਹਾਨੂੰ ਨਹੀਂ ਲਗਦਾ ਕਿ ਤੁਸੀਂ ਜਨ ਹਿੱਤ ਪਟੀਸ਼ਨਾਂ ਦਾ ਦੁਰ ਉਪਯੋਗ ਕਰ ਰਹੇ ਹੋ ?" ਮੇਰੇ ਦਿਮਾਗ਼ ਵਿੱਚ ਖਤਰੇ ਦੀਆਂ ਘੰਟੀਆਂ ਵੱਜਣ ਲੱਗੀਆਂ। ਮੈਂ ਧੁਰ ਦਿੱਲ ਤੋਂ ਅਵਾਜ਼ ਸੁਣੀ ਅਤੇ ਸੱਚ ਬੋਲ ਦਿੱਤਾ "ਮਾਈ ਲਾਰਡ, ਜਨ ਹਿੱਤ ਯਾਚਕਾਵਾਂ ਨੂੰ ਸੁਣਨ ਜਾਂ ਨਾਂ ਸੁਣਨ ਦਾ ਅਖਤਿਆਰ ਚੀਫ਼ ਜਸਟਿਸ ਸਾਹਿਬ ਕੋਲ ਹੁੰਦਾ ਹੈ। ਜਦੋਂ ਚੀਫ਼ ਜਸਟਿਸ ਸਾਹਿਬ ਨੋਟਿਸ ਜਾਰੀ ਕਰ ਦਿੰਦੇ ਹਨ ਤਾਂ ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਜਨ ਹਿੱਤ ਪਟੀਸ਼ਨ ਜਾਇਜ਼ ਹੈ। ਮੇਰੀਆਂ ਜਿੰਨੀਆਂ ਵੀ ਅਜਿਹੀਆਂ ਪਟੀਸ਼ਨਾਂ ਤੁਹਾਡੇ ਪਾਸ ਪੈਂਡਿੰਗ ਹਨ, ਉਹਨਾਂ ਸਾਰੀਆਂ ਵਿੱਚ ਤੁਹਾਥੋਂ ਪਹਿਲਾਂ ਦੇ ਚੀਫ਼ ਜਸਟਿਸ ਹਰਾਂ ਨੇ ਨੋਟਿਸ ਕੀਤੇ ਹੋਏ ਹਨ। ਇਸ ਵਾਸਤੇ ਉਹਨਾਂ ਜਨ ਹਿੱਤ ਪਟੀਸ਼ਨਾਂ ਉੱਪਰ ਪ੍ਰਸ਼ਨ ਨਹੀਂ ਉੱਠਣਾਂ ਚਾਹੀਦਾ। ਹਾਂ, ਜੇਕਰ ਫਿਰ ਵੀ ਜਨਾਬ ਨੂੰ ਇਤਰਾਜ਼ ਹੈ, ਤਾਂ ਮੈਂ ਅੱਗੋਂ ਤੋਂ ਇਸ ਕੋਰਟ ਵਿੱਚ ਜਨ ਹਿੱਤ ਪਟੀਸ਼ਨਾਂ ਨਾਂ ਦਾਖਲ ਕਾਰਨ ਬਾਰੇ ਗੰਭੀਰਤਾ ਨਾਲ ਸੋਚਾਂਗਾ"। ਉਹਨਾਂ ਫਿਰ ਕਿਹਾ "ਜ਼ਿਆਦਾ ਪਟੀਸ਼ਨਾਂ ਪੌਣ ਨਾਲ ਤੁਸੀਂ ਉਹ ਉਚਾਈਆਂ ਨਹੀਂ ਹਾਸਲ ਕਰ ਸਕੋਗੇ, ਜਿਸ ਤਰ੍ਹਾਂ ਦੀਆਂ ਉਚਾਈਆਂ ਪਰਿਆਵਰਣ ਦੇ ਖੇਤਰ ਵਿੱਚ ਪੀ.ਸੀ. ਮਹਿਤਾ ਨੇ ਹਾਸਲ ਕੀਤੀਆਂ ਹਨ।" ਉਹਨਾਂ



ਦੀ ਗੱਲ ਦਿੱਲ ਨੂੰ ਛੂਹਣ ਵਾਲੀ ਸੀ। ਮੈਂ ਵਾਅਦਾ ਕੀਤਾ "ਜਨਾਬ, ਮੈਂ ਆਪ ਆਪ ਜੀ ਦੇ ਸੁਝਾਅ ਉੱਪਰ ਅਮਲ ਕਰਾਂਗਾ।" ਮੈਂ ਆਪਣਾ ਵਾਅਦਾ ਪੂਰਾ ਵੀ ਕੀਤਾ। ਮੈਂ ਸਮਝਦਾ ਹਾਂ ਕਿ ਮੁੱਖ ਜੱਜ ਸਾਹਿਬ ਨੂੰ ਵੀ ਆਖਰੀ ਦਿਨਾਂ ਤੱਕ ਅਹਿਸਾਸ ਰਿਹਾ ਸੀ ਕਿ ਮੇਰੀਆਂ ਜਨ ਹਿੱਤ ਪਟੀਸ਼ਨਾਂ ਦੀ ਗੁਣਵੱਤਾ ਵਿੱਚ ਵਾਧਾ ਹੋਇਆ ਸੀ।

## 56. ਸਾਫ ਸੁਥਰਾ ਸਿਆਸਤ ਦਾਨ

ਇੱਕ ਸਿਆਸਤਾਨ ਨੇ ਜੋ ਮੇਰੇ ਮੁਤਾਬਿਕ ਇੱਕ ਸਾਫ ਸੁਥਰੀ ਦਿੱਖ ਵਾਲਾ ਹੈ, ਮੈਨੂੰ ਇੱਕ ਰਿੱਟ ਪਟੀਸ਼ਨ ਦਾਇਰ ਕਰਨ ਲਈ ਪਹੁੰਚ ਕੀਤੀ। ਉਸ ਨੇ ਮੈਨੂੰ ਫੀਸ ਪੁੱਛੀ ਤਾਂ ਮੈਂ ਥੋੜੀ ਆਨਾ ਕਾਨੀ ਕੀਤੀ। ਉਸ ਨੇ ਮੇਰੇ ਅਸਮੰਜਸ ਨੂੰ ਇੱਕ ਦਮ ਖ਼ਤਮ ਕਰਦਿਆਂ ਕਹਿ ਦਿੱਤਾ "ਅਰੋੜਾ ਜੀ, ਇਹ ਤਾਂ ਸਿਰਫ਼ ਖਰਚਾ ਹੈ, ਫੀਸ ਨਹੀਂ ਸੰਕੋਚ ਨਾਂ ਕਰੋ। ਜੇ ਕੱਲ੍ਹ ਨੂੰ ਸਾਡੀ ਸਰਕਾਰ ਬਣ ਜਾਂਦੀ ਹੈ, ਤਾਂ ਬਿਨਾਂ ਖਰਚਾ ਲਏ ਮੈਂ ਵੀ ਤੁਹਾਡਾ ਕੰਮ ਨਹੀਂ ਕਰ ਸਕਾਂਗਾ।" ਮੇਰਾ ਸੰਕੋਚ ਦੂਰ ਹੋ ਗਿਆ ਸੀ। ਪਰ ਇੱਕ ਸਵਾਲ ਅੱਜ ਤੱਕ ਵੀ ਮੇਰੇ ਦਿਲ ਨੂੰ ਪਰੇਸ਼ਾਨ ਕਰਦਾ ਹੈ। ਮੈਂ ਅੱਜ ਵੀ ਉਸ ਸਿਆਸਤਦਾਨ ਨੂੰ ਬਾਕੀਆਂ ਨਾਲੋਂ ਜ਼ਿਆਦਾ ਇਮਾਨਦਾਰੀ ਮੰਨਦਾ ਹਾਂ "ਕੀ ਸਾਡੀਆਂ ਸਿਆਸੀ ਕਦਰਾਂ ਕੀਮਤਾਂ ਵਿੱਚ ਇੰਨਾ ਜ਼ਿਆਦਾ ਨਿਘਾਰ ਆ ਚੁੱਕਾ ਹੈ, ਜਾਂ ਮੇਰੇ ਕੰਨਾਂ ਨੇ ਕੁੱਝ ਗ਼ਲਤ ਸੁਣ ਲਿਆ ਸੀ ?"



## 57. ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ-ਇੱਕ ਅਭੁੱਲ ਯਾਦ



ਜੁਲਾਈ 2013 ਦੇ ਪਹਿਲੇ ਪਖਵਾੜੇ ਦੀ ਗੱਲ ਹੈ। ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਹੁਰਾਂ ਨੇ ਕੋਈ ਟਿੱਪਣੀ ਕੀਤੀ, ਮੈਂ ਥੋੜਾ ਪ੍ਰੇਸ਼ਾਨ ਹੋ ਗਿਆ। ਇੰਜ ਲੱਗਾ ਕਿ ਚੀਫ਼ ਜਸਟਿਸ ਦੀਆਂ ਨਜ਼ਰਾਂ ਵਿੱਚ ਮੇਰਾ ਅਕਸ ਖਰਾਬ ਸੀ। ਕੁਝ ਦਿਨ ਬੀਤੇ। 10 ਜੁਲਾਈ 2013 ਦੀ ਗੱਲ ਹੈ। ਮੇਰੀ ਇੱਕ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਵਿਸ਼ਾ ਇਹ ਸੀ ਕਿ ਕਤਲ ਅਤੇ ਜਬਰ ਜਨਾਹ ਦੇ ਸਜ਼ਾ ਯਾਫਤਾ ਕੈਦੀਆਂ ਨੂੰ ਜੇਹਲਾਂ ਵਿੱਚ ਦਿੱਤੀਆਂ ਬੀ ਸ਼੍ਰੇਣੀ ਦੀਆਂ ਸਹੂਲਤਾਂ ਵਾਪਸ ਲੈਣੀਆਂ ਚਾਹੀਦੀਆਂ ਹਨ। ਚੀਫ਼ ਜਸਟਿਸ ਦੇ ਬੈਂਚ ਨੇ ਤੁਰੰਤ ਮੇਰਾ ਸੁਝਾਅ ਸਵੀਕਾਰ ਕਰ ਲਿਆ। ਮੈਨੂੰ ਬਹੁਤ ਹੈਰਾਨੀ ਹੋਈ ਜਦੋਂ ਚੀਫ਼ ਜਸਟਿਸ ਹੁਰਾਂ ਨੇ ਨਾਲ ਦੀ ਨਾਲ ਇੱਕ ਉਤਸ਼ਾਹ ਵਰਧਕ ਟਿੱਪਣੀ ਵੀ ਕਰ ਦਿੱਤੀ "ਮਿਸਟਰ ਅਰੋੜਾ, ਕੁਝ ਦਿਨ ਪਹਿਲਾਂ ਅਸੀਂ ਇਕ ਟਿੱਪਣੀ ਕੀਤੀ ਸੀ। ਉਹ ਟਿੱਪਣੀ ਤੁਹਾਡੇ ਲਈ ਨਹੀਂ, ਬਲਕਿ ਕਿਸੇ ਹੋਰ ਨੂੰ ਸੁਣਾਉਣ ਲਈ ਸੀ। ਤੁਹਾਡੀਆਂ ਜਨ ਹਿੱਤ ਪਟੀਸ਼ਨਾਂ ਤਾਂ ਸੱਚ ਮੁੱਚ ਹੀ ਜਨ ਹਿੱਤ ਵਿੱਚ ਹੁੰਦੀਆਂ ਹਨ।" ਮੈਂ ਭਾਵੁਕ ਹੋ ਗਿਆ। ਮੈਂ ਜਵਾਬ ਦਿੱਤਾ "ਚੀਫ਼ ਜਸਟਿਸ ਸਾਹਿਬ, ਸਿਰਫ਼ ਜਨ ਹਿੱਤ ਹੀ ਨਹੀਂ। ਅਸੀਂ ਆਪਣੀ ਜਾਨ ਦਾ ਖ਼ਤਰਾ ਵੀ ਮੁੱਲ ਲੈਂਦੇ ਹਾਂ। ਇਹ ਪਟੀਸ਼ਨ ਦਾਖਲ ਕਰਨ ਤੋਂ ਬਾਅਦ ਹਰਿਆਣੇ ਦੀਆਂ ਜੇਲ੍ਹਾਂ ਵਿੱਚੋਂ ਦੋ ਉਮਰ ਕੈਦੀ ਵੀ ਮੈਨੂੰ ਮਿਲਣ ਆਏ ਸਨ, ਅਤੇ ਉਹਨਾਂ ਨੇ ਮੈਨੂੰ ਪੁੱਛਿਆ ਸੀ ਕਿ ਮੈਂ ਕਿਉਂ ਉਹਨਾਂ ਦੇ ਮਗਰ ਪਿਆ ਹੋਇਆ ਹਾਂ।" ਚੀਫ਼ ਜਸਟਿਸ ਬੋਲੇ "ਅਸੀਂ ਸਮਝ ਸਕਦੇ ਹਾਂ।"

## 58. ਪੀ.ਟੀ.ਸੀ. ਨਿਊਜ ਚੈਨਲ ਦਾ ਬਾਈਕਾਟ

ਮੈਂ 18.3.2017 ਪੀ.ਟੀ.ਸੀ. ਨਿਊਜ ਟੀ ਵੀ ਚੈਨਲ ਦਾ ਬਾਈਕਾਟ ਕਰ ਦਿੱਤਾ। ਉਸ ਦਿਨ ਜਦੋਂ ਅਚਾਨਕ ਪੀ.ਟੀ.ਸੀ. ਚੈਨਲ ਵਾਲਿਆਂ ਨੇ ਮੈਨੂੰ ਪੰਜ ਵਜੇ ਇੱਕ ਲਾਈਵ ਪ੍ਰੋਗਰਾਮ ਵਿੱਚ ਆਉਣ ਦਾ ਸੱਦਾ ਦਿੱਤਾ ਤਾਂ ਮੈਨੂੰ ਇੱਕ ਝਟਕਾ ਜਿਹਾ ਲੱਗਿਆ। ਅੱਜ ਸਾਲਾਂ ਬਾਅਦ ਪੀ.ਟੀ.ਸੀ. ਵਾਲਿਆਂ ਨੂੰ ਮੇਰੀ ਯਾਦ ਕਿਵੇਂ ਆਈ। ਕੈਬਨਟ ਮੰਤਰੀ ਨਵਜੋਤ ਸਿੱਧੂ ਵੱਲੋਂ "ਕਪਿਲ ਸ਼ਰਮਾਂ ਸ਼ੋ" ਵਿੱਚ ਭਾਗ ਲੈਂਦੇ ਰਹਿਣ ਦੇ ਫੈਸਲੇ ਉੱਪਰ ਬਹਿਸ ਹੋਣੀ ਸੀ। ਮੈਨੂੰ ਇੰਜ ਲੱਗਿਆ ਕਿ ਮੇਰੇ ਵਰਗੇ ਸਮਾਜਿਕ ਕਾਰਕੁੰਨ ਟੀ ਵੀ ਚੈਨਲਾਂ ਦੇ ਹੱਥਾਂ ਦੇ ਖਿਲੌਣੇ ਬਣ ਗਏ ਹਨ। ਮੈਨੂੰ ਇਹ ਵੀ ਮਹਿਸੂਸ ਹੋਇਆ ਕਿ ਸ਼ੁਹਰਤ ਦੀ ਭੁੱਖ ਨੂੰ ਤਿਆਗ ਦੇਣਾ ਚਾਹੀਦਾ ਹੈ। ਮੈਂ ਨਿਮਰਤਾ ਸਾਹਿਤ ਲਾਈਵ ਬਹਿਸ ਵਿੱਚ ਭਾਗ ਲੈਣ ਤੋਂ ਇਨਕਾਰ ਕਰ ਦਿੱਤਾ। ਨਵਜੋਤ ਸਿੱਧੂ ਵਾਲਾ ਮਸਲਾ ਇੱਕ ਸਿਧਾਂਤਕ ਮਸਲਾ ਸੀ। ਮੈਨੂੰ ਇਸ ਲੜਾਈ ਵਿੱਚ ਪੀ.ਟੀ.ਸੀ. ਨਿਊਜ਼ ਚੈਨਲ ਵਾਲਿਆਂ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਸੀ। ਇਸ ਪ੍ਰਕਾਰ ਦੇ ਕਠ ਪੁਤਲੀ ਚੈਨਲ ਦੇ ਪ੍ਰੋਗਰਾਮਾਂ ਵਿੱਚ ਭਾਗ ਲੈਣਾ ਮੇਰੀ ਗੈਰਤ ਦੇ ਖਿਲਾਫ ਸੀ।



## 59. ਗਰੀਬੀ ਹੀ ਸੱਭ ਤੋਂ ਵੱਡਾ ਜੁਰਮ ਹੈ




**ਦਲਜੀਤ ਸਿੰਘ-ਪਟੀਸ਼ਨ ਕਰਤਾ**

ਦਲਜੀਤ ਸਿੰਘ ਪੱਤਰਕਾਰ ਦੀ ਮੇਰੇ ਦੁਆਰਾ ਦਾਇਰ ਕੀਤੀ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਇੱਕ ਗਰੀਬ ਮਾਂ ਬਾਪ ਦੇ ਦੋ ਬੱਚਿਆਂ ਦੀ ਮੌਤ ਲਈ ਹਰਜਾਨੇ ਦੀ ਮੰਗ ਕਰ ਰਹੇ ਸਾਂ, ਜਿਹਨਾਂ ਦੀ ਮੌਤ ਇੱਕ ਗੈਰ ਕਾਨੂੰਨੀ ਪਟਾਕੇ ਬਣਾਉਣ ਵਾਲੀ ਫੈਕਟਰੀ ਵਿੱਚ ਹੋਏ ਬੰਬ ਧਮਾਕੇ ਵਿੱਚ ਹੋ ਗਈ ਸੀ। ਬੱਚੇ ਸਕੂਲ ਦੀ ਛੁੱਟੀ ਤੋਂ ਬਾਅਦ ਪੰਜ ਰੁਪਈਏ ਕਮਾਉਣ ਦੇ ਲਾਲਚ ਵਿੱਚ ਉਸ ਫੈਕਟਰੀ ਵਿੱਚ ਪਟਾਕੇ ਬਣਾਉਣ ਵਿੱਚ ਹੱਥ ਵਟਾਉਂਦੇ ਸਨ। ਸਰਕਾਰੀ ਵਕੀਲ ਨੇ ਦਲੀਲ ਦਿੱਤੀ "ਬੱਚਿਆਂ ਨੇ ਗੈਰ ਕਾਨੂੰਨੀ ਫੈਕਟਰੀ ਵਿੱਚ ਕੰਮ ਕਰਕੇ ਅਪਰਾਧ ਕੀਤਾ ਹੈ। ਉਹਨਾਂ ਦੇ ਮਾਤਾ ਪਿਤਾ ਨੂੰ ਹਰਜਾਨਾ ਨਹੀਂ ਮਿਲਣਾ ਚਾਹੀਦਾ।" ਚੀਫ਼ ਜਸਟਿਸ ਰੰਜਨ ਗਗੋਈ ਨੇ ਅਚਾਨਕ ਟਿੱਪਣੀ ਕੀਤੀ "ਇਹਨਾਂ ਮਾਤਾ ਪਿਤਾ ਅਤੇ ਬੱਚਿਆਂ ਦਾ ਇਹੋ ਅਪਰਾਧ ਹੈ ਕਿ ਉਹ ਗਰੀਬ ਸਨ ਅਤੇ ਗ਼ਰੀਬੀ ਹੀ ਸਭ ਤੋਂ ਵੱਡਾ ਅਪਰਾਧ ਹੈ।"

ਕੋਰਟ ਵਿੱਚ ਸਨਾਟਾ ਛਾ ਗਿਆ। ਨਤੀਜਾ ਇਹ ਹੋਇਆ ਕਿ ਪੰਜਾਬ ਸਰਕਾਰ ਉਸ ਗਰੀਬ ਮਾਤਾ ਪਿਤਾ ਨੂੰ ਹਰਜਾਨੇ ਦੇ ਰੂਪ ਵਿੱਚ ਦੋ ਲੱਖ ਰੁਪਏ ਦੀ ਰਾਸ਼ੀ ਦੇਣ ਵਾਸਤੇ ਤਿਆਰ ਹੋ ਗਈ।

# 60. ਮਾਫੀ



ਚੀਫ਼ ਜਸਟਿਸ ਡੀ.ਕੇ.ਜੈਨ

ਚੀਫ਼ ਜਸਟਿਸ ਸ੍ਰੀ ਡੀ.ਕੇ.ਜੈਨ ਤਰੱਕੀ ਲੈ ਕੇ ਸੁਪਰੀਮ ਕੋਰਟ ਦੇ ਜੱਜ ਬਣ ਕੇ ਦਿੱਲੀ ਜਾ ਰਹੇ ਸਨ। ਜਾਣ ਤੋਂ ਪਹਿਲਾਂ ਉਹ ਘੁੰਮ-ਘੁੰਮ ਕੇ ਵਕੀਲਾਂ ਨੂੰ ਮਿਲ ਰਹੇ ਸੀ। ਉਹਨਾਂ ਦੀ ਚੀਫ਼ ਜਸਟਿਸ ਵਜੋਂ ਤਾਇਨਾਤੀ ਦੇ ਦੌਰਾਨ ਹੀ ਮੇਰਾ ਜਨ ਹਿੱਤ ਪਟੀਸ਼ਨਾਂ ਦਾ ਸਫਰ ਸ਼ੁਰੂ ਹੋਇਆ ਸੀ। ਇੱਕ ਜਾਂ ਦੋ ਵਾਰੀ ਭਰੀ ਕਚਹਿਰੀ ਵਿੱਚ ਕੁਝ ਤਕਰਾਰ ਵੀ ਹੋਈ ਸੀ। ਮੈਂ ਵੀ ਉਹਨਾਂ ਕੋਲ ਜਾ ਪਹੁੰਚਿਆ। ਮੈਂ ਪਿੱਛੋਂ ਦੀ ਉਹਨਾਂ ਦੇ ਮੋਢੇ ਤੇ ਹੱਥ ਰੱਖ ਦਿੱਤਾ। ਵਧਾਈ ਦਿੱਤੀ। ਫਿਰ ਕਿਹਾ "ਸਰ, ਮੈਂ ਤੁਹਾਡੇ ਕੋਲੋਂ ਮਾਫੀ ਮੰਗਦਾ ਹਾਂ ਕਿ ਇੱਕ ਜਾਂ ਦੋ ਵਾਰੀ ਮੈਂ ਤੁਹਾਡੇ ਸਤਿਕਾਰ ਵਿੱਚ ਕਮੀ ਵਿਖਾਈ।" ਚੀਫ਼ ਜਸਟਿਸ ਸਾਹਿਬ ਬਹੁਤ ਖ਼ੁਸ਼ ਹੋਏ। "ਕਦੇ ਦਿੱਲੀ ਆਓ, ਤਾਂ ਜ਼ਰੂਰ ਮਿਲ ਕੇ ਜਾਣਾ" ਉਹਨਾਂ ਨੇ ਮੈਨੂੰ ਕਿਹਾ। ਪਰ ਮੈਂ ਆਪਣੀ ਗੱਲ ਜਾਰੀ ਰੱਖੀ। ਮੈਂ ਫਿਰ ਬੋਲਿਆ "ਸਰ, ਮੈਂ ਇਹ ਮਾਫੀ ਪਹਿਲਾਂ ਵੀ ਮੰਗ ਸਕਦਾ ਸਾਂ, ਪਰੰਤੂ ਇਸ ਕਰਕੇ ਨਹੀਂ ਮੰਗੀ ਕਿਉਂਕਿ ਮੇਰੇ ਵਲੋਂ ਅਜਿਹਾ ਕਰਨਾ ਸ਼ਾਇਦ ਇੱਕ ਗਲਤ ਇਸ਼ਾਰਾ ਹੁੰਦਾ, ਕਿਉਂਕਿ ਮੈਂ ਅਕਸਰ ਤੁਹਾਡੀ ਕਚਹਿਰੀ ਵਿੱਚ ਪੇਸ਼ ਹੁੰਦੇ ਰਹਿਣਾ ਸੀ। ਅੱਜ ਤੋਂ ਬਾਅਦ ਮੈਂ ਤੁਹਾਡੇ ਮੂਹਰੇ ਪੇਸ਼ ਨਹੀਂ ਹੋਣਾ। ਇਸ ਲਈ ਅੱਜ ਮਾਫੀ ਮੰਗਣਾ ਉਚਿਤ ਸਮਝਿਆ।" ਕੁਝ ਹਫਤੇ ਬਾਅਦ ਮੈਂ ਦਿੱਲੀ ਗਿਆ ਤਾਂ ਉਹਨਾਂ ਨੂੰ ਪੰਜਾਬ ਭਵਨ ਵਿੱਚ ਜਾ ਕੇ ਮਿਲਿਆ (ਜਿੱਥੇ ਉਹਨਾਂ ਦਾ ਅਸਥਾਈ ਨਿਵਾਸ ਸੀ, ਕਿਉਂਕਿ ਉਦੋਂ ਤੱਕ ਉਹਨਾਂ ਨੂੰ ਕੋਠੀ ਅਲਾਟ ਨਹੀਂ ਹੋਈ ਸੀ) ਅਤੇ ਮੇਰੀ ਨਵੀਂ ਕਿਤਾਬ ਭੇਟ ਕੀਤੀ। ਖੂਬ ਗੱਲਾਂ ਹੋਈਆਂ।



# 61. ਪਟੀਸ਼ਨ ਕਰਤਾ ਖੁਦ (ਇੱਕ ਦਿਲਚਸਪ ਕਿੱਸਾ)

ਚੀਫ਼ ਜਸਟਿਸ ਡੀ.ਕੇ. ਜੈਨ ਦੇ ਸਮੇਂ ਸੁਰੱਖਿਆ ਦੇ ਪ੍ਰਬੰਧ ਸਖਤ ਕਰ ਦਿੱਤੇ ਗਏ ਸਨ। ਵਕੀਲਾਂ ਤੋਂ ਇਲਾਵਾ ਕੋਈ ਹੋਰ ਵਿਅਕਤੀ ਐਂਟਰੀ ਪਾਸ ਤੋਂ ਬਗੈਰ ਚੀਫ਼ ਜਸਟਿਸ ਦੇ ਕੋਰਟ ਰੂਮ ਵਿੱਚ ਦਾਖਲ ਨਹੀਂ ਸੀ ਹੋ ਸਕਦਾ। ਸਰਦੀਆਂ ਦੇ ਦਿਨ ਸਨ। ਜੇਕਰ ਮੈਂ ਵਕੀਲਾਂ ਵਾਲੀ ਵਰਦੀ ਪਾ ਕੇ ਕੋਰਟ ਰੂਮ ਵਿੱਚ ਦਾਖਲ ਹੁੰਦਾ ਸਾਂ ਤਾਂ ਕੋਈ ਰੁਕਾਵਟ ਨਹੀਂ ਸੀ। ਪਰੰਤੂ ਕੋਰਟ ਰੂਮ ਦੇ ਅੰਦਰ ਜਾਣ ਤੋਂ ਬਾਅਦ ਵਕੀਲਾਂ ਵਾਲਾ ਕਾਲੇ ਰੰਗ ਦਾ ਗਾਊਨ ਅਤੇ ਚਿੱਟਾ ਬੈਂਡ ਉਤਾਰਨਾ ਪੈਂਦਾ ਸੀ, ਕਿਉਂਕਿ ਮੈਂ ਜਨ ਹਿੱਤ ਪਟੀਸ਼ਨਾਂ ਦੀ ਸੁਣਵਾਈ ਦੇ ਦੌਰਾਨ ਵਕੀਲਾਂ ਵਾਲੀ ਵਰਦੀ/ਵੇਸ਼ ਭੂਸ਼ਾ ਵਿੱਚ ਖੜਾ ਨਹੀਂ ਸੀ ਹੋ ਸਕਦਾ।

ਕੋਰਟ ਰੂਮ ਦੇ ਦੋ ਦਰਵਾਜ਼ੇ ਸਨ। ਇੱਕ ਸਿਰਫ਼ ਵਕੀਲਾਂ ਵਾਸਤੇ ਸੀ। ਉਸ ਦਰਵਾਜ਼ੇ ਵਿੱਚੋਂ ਬਗੈਰ ਵਰਦੀ ਤੋਂ ਦਾਖਲ ਹੋਣ ਵਿੱਚ ਦਿੱਕਤ ਆਉਂਦੀ ਸੀ। ਦੂਸਰੇ ਦਰਵਾਜ਼ੇ ਵਿੱਚੋਂ ਦਾਖਲ ਹੁੰਦਾ ਸੀ ਤਾਂ ਐਂਟਰੀ ਪਾਸ ਵਿਖਾਉਣ ਦੀ ਮੰਗ ਕੀਤੀ ਜਾਂਦੀ ਸੀ। ਸੰਤਰੀ ਕਹਿੰਦਾ ਸੀ "ਜੇਕਰ ਵਕੀਲ ਹੋ ਤਾਂ ਆਪਣਾ ਪਛਾਣ ਪੱਤਰ ਵਿਖਾਓ।" ਹੌਲੀ ਹੌਲੀ ਸੰਤਰੀਆਂ ਨੇ ਨਰਮੀ ਵਿਖਾਉਣੀ ਸ਼ੁਰੂ ਕਰ ਦਿੱਤੀ।

## 62. ਪਟੀਸ਼ਨ ਕਰਤਾ ਖੁਦ (ਸੁਪਰੀਮ ਕੋਰਟ ਵਿੱਚ)

ਸੁਪਰੀਮ ਕੋਰਟ ਵਿੱਚ ਉਹਨਾਂ ਪਟੀਸ਼ਨਰਾਂ ਨੂੰ ਜੋ ਬਗੈਰ ਵਕੀਲ ਤੋਂ ਖੁਦ ਹੀ ਆਪਣਾ ਕੇਸ ਲੜਨਾ ਚਾਹੁੰਦੇ ਸਨ, ਬਹੁਤ ਦਿੱਕਤਾਂ ਆਉਂਦੀਆਂ ਹਨ। ਉਹਨਾਂ ਨੂੰ ਗੇਟ ਪਾਸ ਹੋਣ ਦੇ ਬਾਵਜੂਦ ਇਕੱਲੇ ਅੰਦਰ ਨਹੀਂ ਜਾਣ ਦਿੱਤਾ ਜਾਂਦਾ। ਨਵੇਂ ਕੇਸਾਂ ਵਿੱਚ ਉਹਨਾਂ ਨੂੰ ਕੋਈ ਸਵਾ ਕੁ ਦਸ ਵਜੇ ਇਕੱਠੇ ਝੁੰਡ ਦੇ ਰੂਪ ਵਿੱਚ ਅੰਦਰ ਲੈ ਕੇ ਜਾਇਆ ਜਾਂਦਾ ਹੈ। ਫਿਰ ਹਰ ਅਜਿਹੇ ਪਟੀਸ਼ਨਰ ਨੂੰ ਉਸ ਕੋਰਟ ਦੇ ਬਾਹਰ ਸੰਤਰੀ ਕੋਲ ਬਿਠਾ ਦਿੱਤਾ ਜਾਂਦਾ ਹੈ, ਜਿਸ ਵਿੱਚ ਉਸਨੇ ਪੇਸ਼ ਹੋਣਾ ਹੁੰਦਾ ਹੈ। ਉਸ ਨੂੰ ਉਸਦੇ ਕੇਸ ਦੀ ਵਾਰੀ ਆਉਣ ਤੋਂ ਥੋੜਾ ਪਹਿਲਾਂ ਹੀ ਸੰਤਰੀ ਅੰਦਰ ਲੈ ਕੇ ਜਾਂਦਾ ਹੈ। ਸੁਣਵਾਈ ਦੇ ਦੌਰਾਨ ਸੰਤਰੀ ਉਸਦੇ ਪਿੱਛੇ 'ਸਰਵਾਲੇ' ਵਾਂਗ ਖੜਾ ਰਹਿੰਦਾ ਹੈ। ਸੁਣਵਾਈ ਖ਼ਤਮ ਹੁੰਦਿਆਂ ਹੀ ਉਸਨੂੰ ਸੰਤਰੀ ਬਾਹਰ ਲੈ ਕੇ ਆਉਂਦਾ ਹੈ। ਮੇਰੇ ਨਾਲ ਵੀ ਇਕ ਵਾਰੀ ਅਜਿਹਾ ਹੀ ਹੋਇਆ। ਮਨ ਬਹੁਤ ਦੁਖੀ ਸੀ। ਚੰਡੀਗੜ੍ਹ ਆ ਕੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸਾਹਿਬ ਨੂੰ ਚਿੱਠੀ ਲਿਖੀ "ਅੱਜ ਮੈਨੂੰ ਇਸ ਤਰ੍ਹਾਂ ਲੱਗਾ ਕਿ ਮੈਂ ਕੋਈ ਮੁਜਰਮ ਸਾਂ, ਜਿਸ ਨੂੰ ਉਸਦੇ ਰਿਮਾਂਡ ਦਾ ਸਮਾਂ ਵਧਾਣ ਦੀ ਇਜਾਜ਼ਤ ਲੈਣ ਲਈ ਕੋਰਟ ਮੂਹਰੇ ਪੇਸ਼ ਕੀਤਾ ਜਾ ਰਿਹਾ ਸੀ।" ਪਰ ਮੈਨੂੰ ਮੇਰੇ ਪੱਤਰ ਦਾ ਕੋਈ ਜਵਾਬ ਨਾ ਆਇਆ।



## 63. ਜਨ ਹਿੱਤ ਪਟੀਸ਼ਨ ਪਾਉਣ ਦੀ ਹਿੰਮਤ

ਇੱਕ ਦਿਨ ਦੀ ਗੱਲ ਹੈ ਕਿ ਮੈਂ ਵਾਰੀ-ਵਾਰੀ ਜਨ ਹਿੱਤ ਪਟੀਸ਼ਨਾਂ ਵਿੱਚ ਪੇਸ਼ ਹੋ ਰਿਹਾ ਸਾਂ। ਨਾਲ ਹੀ ਉਸੇ ਕੋਰਟ ਵਿੱਚ ਹੋਰਨਾਂ ਕੇਸਾਂ ਵਿੱਚ ਵਕੀਲ ਦੇ ਰੂਪ ਵਿੱਚ ਪੇਸ਼ ਹੋ ਰਿਹਾ ਸਾਂ। ਜੱਜ ਸਾਹਿਬ ਨੇ ਮੈਨੂੰ ਸਵਾਲ ਕੀਤਾ "ਮਿਸਟਰ ਅਰੋੜਾ, ਕੀ ਤੁਹਾਨੂੰ ਵਾਰ ਵਾਰ ਡਰੈਸ ਬਦਲ ਕੇ ਕੋਰਟ ਰੂਮ ਵਿੱਚ ਦਾਖ਼ਲ ਹੋਣ ਵਿੱਚ ਦਿੱਕਤ ਨਹੀਂ ਆਉਂਦੀ। ਤੁਸੀਂ ਕਿਉਂ ਨਹੀਂ ਜਨ ਹਿੱਤ ਪਟੀਸ਼ਨਾਂ ਕਿਸੇ ਹੋਰ ਦੇ ਨਾਂ ਤੇ ਦਾਇਰ ਕਰਕੇ ਇੱਕ ਵਕੀਲ ਦੀ ਤਰ੍ਹਾਂ ਅਜਿਹੀਆਂ ਪਟੀਸ਼ਨਾਂ 'ਤੇ ਬਹਿਸ ਕਰਨ ਬਾਰੇ ਸੋਚਦੇ।" ਮੇਰੇ ਮੂੰਹੋਂ ਜਵਾਬ ਨਿਕਲਿਆ "ਜਨਾਬ, ਮੇਰੀਆਂ ਜਨ ਹਿੱਤ ਪਟੀਸ਼ਨਾਂ ਦੀ ਵਿਸ਼ਾ ਵਸਤੂ ਕਈ ਵਾਰ ਅਜਿਹੀ ਹੁੰਦੀ ਹੈ ਕਿ ਉਹਨਾਂ 'ਤੇ ਹਸਤਾਖਰ ਕਰਨ ਲਈ ਜਿਸ ਹਿੰਮਤ ਦੀ ਲੋੜ ਹੈ, ਉਹ ਅਜੇ ਲੋਕਾਂ ਵਿੱਚ ਨਹੀਂ ਆਈ।"

# 64. ਸੀਨੀਅਰ ਐਡਵੋਕੇਟ ਨਾਂ ਬਣ ਸਕਿਆ

ਕੁਝ ਸ਼ੁਭ ਚਿੰਤਕਾਂ ਦੇ ਕਹਿਣ ਤੇ ਦਿਸੰਬਰ, 2015 ਵਿਚ ਮੈਂ ਵੀ ਸੀਨੀਅਰ ਐਡਵੋਕੇਟ ਬਣਨ ਲਈ ਆਪਣੀ ਅਰਜ਼ੀ ਕਾਰਜਕਾਰੀ ਚੀਫ਼ ਜਸਟਿਸ ਸਾਹਿਬ ਨੂੰ ਭੇਜ ਦਿੱਤੀ, ਨਾਲ ਹੀ ਇੱਕ ਵੱਖਰੀ ਅਰਜ਼ੀ ਵੀ ਭੇਜੀ ਕਿ ਦੋ ਸੀਨੀਅਰ ਐਡਵੋਕੇਟਾਂ ਵੱਲੋਂ ਨਾਂ ਦੀ ਸਿਫਾਰਸ਼ ਕਰਵਾਣ ਦੀ ਸ਼ਰਤ ਵਿਚ ਢਿਲ ਦਿੱਤੀ ਜਾਵੇ। ਇਥੇ ਇਹ ਜ਼ਿਕਰ ਕਰਨਾਂ ਜ਼ਰੂਰੀ ਹੈ ਕਿ ਸੀਨੀਅਰ ਐਡਵੋਕੇਟ ਬਣਨ ਲਈ ਕਿਸੇ ਐਡਵੋਕੇਟ ਦੀ ਅਰਜ਼ੀ ਤਾਂ ਹੀ ਵਿਚਾਰੀ ਜਾਂਦੀ ਹੈ ਜੇਕਰ ਦੋ ਸੀਨੀਅਰ ਐਡਵੋਕੇਟ ਉਸ ਦੇ ਨਾਂ ਦੀ ਸਿਫਾਰਿਸ਼ ਕਰਨ। ਮੈਨੂੰ ਇਹ ਸ਼ਰਤ ਨਾਂਗਵਾਰ ਲੱਗੀ। ਕਾਰਜਕਾਰੀ ਚੀਫ਼ ਜਸਟਿਸ ਸਾਹਿਬ ਨੇ ਮੈਨੂੰ ਮੁਲਾਕਾਤ ਲਈ ਬੁਲਾਇਆ। ਉਹਨਾਂ ਨੇ ਮੈਨੂੰ ਸੁਝਾਅ ਦਿੱਤਾ ਕਿ ਮੈਨੂੰ ਜ਼ਿਦ ਨਹੀਂ ਕਰਨੀ ਚਾਹੀਦੀ। ਪਰੰਤੂ ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਦੋ ਸੀਨੀਅਰ ਐਡਵੋਕੇਟਾਂ ਤੋਂ ਸਿਫਾਰਿਸ਼ ਕਰਵਾਣ ਵਾਲੀ ਸ਼ਰਤ ਅਨੁਚਿਤ ਹੈ। ਉਹਨਾਂ ਨੇ ਮੇਰੀ ਬੇਨਤੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਪ੍ਰਕਿਰਿਆ ਦੇ ਨਿਯਮਾਂ ਵਿਚ ਢਿਲ ਦੇਣ ਦਾ ਕੋਈ ਅਖਤਿਆਰ ਨਹੀਂ। ਮੈਂ ਉਹਨਾਂ ਦਾ ਸੁਝਾਅ ਨਾ ਮੰਨਿਆ। ਮੈਂ ਬਿਓਰੋਕ੍ਰੇਟਿਕ ਸਿਸਟਮ ਦੇ ਵਿਰੋਧ ਆਪਣਾ ਵਿਰੋਧ ਜਤਾਂਦੇ ਹੋਏ ਆਪਣੀ ਅਰਜ਼ੀ ਵਾਪਸ ਲੈ ਲਈ।



# 65. ਜਨ ਹਿੱਤ ਪਟੀਸ਼ਨਾਂ ਦਾ ਖਰਚਾ

ਮੈਥੋਂ ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਕੀ ਮੈਂ ਜਨ ਹਿੱਤ ਪਟੀਸ਼ਨਾਂ ਦਾ ਖਰਚਾ ਆਪਣੀ ਜੇਬ ਵਿੱਚੋਂ ਕਰਦਾ ਹਾਂ। ਕਈ ਸ਼ੁਭ ਚਿੰਤਕ ਇਸ ਖਰਚੇ ਵਿੱਚ ਕੁਝ ਯੋਗਦਾਨ ਕਰਨ ਦੀ ਪੇਸ਼ਕਸ਼ ਵੀ ਕਰਦੇ ਹਨ। ਅਜਿਹੇ ਸ਼ੁਭਚਿੰਤਕਾਂ ਦੇ ਫੋਨ ਵਿਦੇਸ਼ਾਂ ਤੋਂ ਵੀ ਆਉਂਦੇ ਹਨ। ਮੈਂ ਅਜਿਹੀ ਸਹਾਇਤਾ ਲੈਣ ਤੋਂ ਨਿਮਰਤਾ ਸਾਹਿਤ ਇਨਕਾਰ ਕਰ ਦਿੰਦਾ ਹਾਂ। ਮੈਂ ਆਪਣੇ ਵਿਤ ਮੁਤਾਬਿਕ ਜਿੰਨਾ ਖਰਚਾ ਕਰ ਸਕਦਾ ਹਾਂ, ਕਰਦਾ ਹਾਂ। ਸਿੱਖ ਧਰਮ ਵਿੱਚ ਦਸਵੰਧ ਕੱਢਣ ਦੀ ਰਵਾਇਤ ਹੈ। ਮੈਂ ਅਸੂਲੀ ਤੌਰ ਤੇ ਗੁਰੂਆਂ ਦੀ ਇਸ ਸਿਖਿਆ ਨੂੰ ਮੰਨਦਾ ਹਾਂ। ਕੋਈ ਇਕ ਲੱਖ ਰੁਪਏ ਸਲਾਨਾਂ ਸ਼ਹੀਦਾਂ ਬਾਰੇ ਕਿਤਾਬਾਂ ਛਪਵਾ ਕੇ ਜਨਤਾ ਵਿਚ ਮੁਫ਼ਤ ਵੰਡਣ ਵਿਚ ਖਰਚ ਹੋ ਜਾਂਦੇ ਹਨ। ਤਕਰੀਬਨ ਇਕ ਲੱਖ ਰੁਪਏ ਬੇਸਹਾਰੇ ਅਤੇ ਤੇਜ਼ਾਬ ਪੀੜਤਾਂ ਦੀ ਸਹਾਇਤਾ ਦੇ ਕੰਮਾਂ ਵਿਚ ਕੰਮਾਂ ਖਰਚ ਹੁੰਦੇ ਹਨ। ਜਨ ਹਿੱਤ ਪਟੀਸ਼ਨਾਂ ਦਾ ਖਰਚਾ ਤਾਂ ਬਹੁਤ ਘੱਟ ਆਉਂਦਾ ਹੈ। ਜੇਕਰ ਮੈਂ ਸਾਲ ਵਿੱਚ 25 ਜਨ ਹਿੱਤ ਪਟੀਸ਼ਨ ਵੀ ਦਾਇਰ ਕਰਾਂ, ਤਾਂ ਉਹਨਾਂ ਦਾ ਕੁਲ ਖਰਚਾ 15 ਤੋਂ 20 ਹਜ਼ਾਰ ਵਿਚ ਹੀ ਆਵੇਗਾ! ਖਰਚੇ ਨਾਲੋਂ ਜ਼ਿਆਦਾ ਕੀਮਤੀ ਹਨ "ਸਮਾਂ", "ਊਰਜਾ" ਅਤੇ "ਜੋਖ਼ਮ", ਜੋ ਅਜਿਹੇ ਸੰਘਰਸ਼ ਵਿੱਚ ਨਿਹਿਤ ਹਨ। ਕਾਗਜ਼, ਟਿਕਟਾਂ ਅਤੇ ਟਾਈਪ ਉੱਤੇ ਆਉਣ ਵਾਲਾ ਖਰਚਾ ਤਾਂ ਬਹੁਤ ਹੀ ਨਿਗੂਣਾ ਜਿਹਾ ਖਰਚਾ ਹੈ। ਫਿਰ ਵੀ ਇਸ ਦੇ ਬਾਰੇ ਕਈ ਲੋਕਾਂ ਨੂੰ ਚਿੰਤਾ ਰਹਿੰਦੀ ਹੈ ਕਿ ਮੈਂ ਜਨ ਹਿੱਤ ਪਟੀਸ਼ਨਾਂ ਤੇ ਇੰਨਾ ਜ਼ਿਆਦਾ ਖਰਚ ਕਿਵੇਂ ਕਰ ਲੈਂਦਾ ਹਾਂ। ਮੇਰੇ ਇਸ ਸਪਸ਼ਟੀਕਰਨ ਤੋਂ ਬਾਅਦ ਅਜਿਹੀ ਚਿੰਤਾ ਖਤਮ ਹੋ ਜਾਣੀ ਚਾਹੀਦੀ ਹੈ।

# 66. ਹਾਂ, ਮੈਂ ਬਦਨੀਤਾ ਹਾਂ!

ਮੁਖ ਜੱਜ ਸ਼੍ਰੀ ਟੀ ਐੱਸ ਠਾਕੁਰ ਨਵੇਂ ਨਵੇਂ ਸਾਡੀ ਹਾਈ ਕੋਰਟ ਵਿੱਚ ਆਏ ਸਨ-ਇਕ ਡੀ ਐੱਸ ਪੀ ਅਤੇ ਕੁਝ ਹੋਰ ਸਜ਼ਾ ਯਾਫਤਾ ਪੁਲਸ ਕਰਮੀਆਂ ਨੂੰ ਨੌਕਰੀ ਵਿਚੋਂ ਕੱਢਣ ਲਈ ਮੇਰੀ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ। ਵਿਰੋਧੀ ਵਕੀਲ ਸਾਹਿਬ ਨੇ ਅਚਾਨਕ ਇਕ ਬਹੁਤ ਹੀ ਸਨਸਨੀਖੇਜ਼ ਆਰੋਪ ਲਾਇਆ "ਜਨਾਬ, ਪਟੀਸ਼ਨਰ ਨੇ ਮਾੜੀ ਨੀਅਤ ਨਾਲ ਇਹ ਪਟੀਸ਼ਨ ਦਾਇਰ ਕੀਤੀ ਹੈ। ਇਹ ਪਟੀਸ਼ਨ ਮੇਰੇ ਕਲਾਇੰਟ ਤੋਂ ਕਨਿਸ਼ਟ ਡੀ ਐੱਸ ਪੀਆਂ ਦੇ ਇਸ਼ਾਰੇ ਤੇ ਲਗਾਈ ਗਈ ਹੈ, ਜਿਹੜੇ ਕਿ ਪ੍ਰਮੋਸ਼ਨ ਲੈਣ ਲਈ ਤਰਲੋ ਮੱਛੀ ਹੋ ਰਹੇ ਹਨ।" ਮੈਂ ਬਹੁਤ ਦੁਖੀ ਹੋ ਰਿਹਾ ਸਾਂ। ਮੁਖ ਜੱਜ ਸਾਹਿਬ ਨੇ ਜਦੋਂ ਮੇਰਾ ਪ੍ਰਤੀਕਰਮ ਜਾਨਣਾ ਚਾਹਿਆ ਤਾਂ ਮੈਂ ਬਹੁਤ ਹੀ ਭਾਵੁਕ ਹੋ ਕੇ ਜਵਾਬ ਦਿੱਤਾ "ਹਾਂ ਜਨਾਬ, ਮੈਂ ਇਸ ਮਾਮਲੇ ਵਿੱਚ ਬਹੁਤ ਹੀ ਬਦਨੀਤਾ ਹਾਂ। ਜੇ ਮੇਰੇ ਵੱਸ ਹੋਵੇ ਤਾਂ ਇਕ ਵੀ ਸਜ਼ਾ ਯਾਫ਼ਤਾ ਪੁਲਿਸ ਕਰਮਚਾਰੀ ਨੂੰ ਇਕ ਮਿੰਟ ਵਾਸਤੇ ਨੌਕਰੀ ਵਿਚ ਨਾਂ ਰਹਿਣ ਦਿਆਂ।" ਮੁਖ ਜੱਜ ਸਾਹਿਬ ਨੇ ਮੇਰੇ ਪੱਖ ਵਿਚ ਦਖ਼ਲ ਦਿੰਦਿਆਂ ਵਿਰੋਧੀ ਵਕੀਲ ਨੂੰ ਕਿਹਾ "ਜਦੋਂ ਤੁਹਾਡੇ ਕਲਾਇੰਟ ਨੂੰ ਨੌਕਰੀ ਵਿਚ ਰਹਿਣ ਦਾ ਹੱਕ ਹੀ ਨਹੀਂ, ਤਾਂ ਚੰਗੀ ਨੀਤ ਹੋਵੇ ਜਾਂ ਮਾੜੀ, ਉਸ ਨਾਲ ਕੀ ਫਰਕ ਪੈਂਦਾ ਹੈ।"



# 67. ਐਚ ਸੀ ਅਰੋੜਾ ਤੋਂ ਹਰੀ ਚੰਦ

17.4.2017 ਦੀ ਗੱਲ ਹੈ! ਜਸਟਿਸ ਐੱਸ ਐੱਸ ਸਾਰੋਂ ਦੇ ਡਬਲ ਬੈਂਚ ਮੂਹਰੇ ਮੇਰੀ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਹੋ ਰਹੀ ਸੀ! ਮੇਰੀ ਦਲੀਲ ਸੀ ਕਿ ਐੱਫ ਆਈ ਆਰਾਂ ਵਿੱਚ ਅਪਰਾਧੀ ਦੀ ਜਾਤੀ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ। ਜਸਟਿਸ ਸਾਰੋਂ ਨੇ ਮੇਰੀ ਦਲੀਲ ਨਾਲ ਸਹਿਮਤੀ ਪ੍ਰਗਟ ਕੀਤੀ! ਉਹਨਾਂ ਟਿੱਪਣੀ ਕੀਤੀ ਕਿ ਸਿੱਖ ਗੁਰੂਆਂ ਨੇ ਤਾਂ ਕਈ ਸੌ ਸਾਲ ਪਹਿਲਾਂ ਹੀ ਜਾਤੀ ਪ੍ਰਥਾ ਦਾ ਵਿਰੋਧ ਕੀਤਾ ਸੀ। ਨਾਲ ਹੀ ਉਹਨਾਂ ਨੇ ਮਜ਼ਾਕੀਆ ਅੰਦਾਜ਼ ਵਿਚ ਕਿਹਾ "ਤੁਸੀਂ ਆਪਣੇ ਨਾਂ ਦੇ ਨਾਲ ਅਰੋੜਾ ਕਿਓਂ ਲਿਖਿਆ ਹੋਇਆ ਹੈ?" ਮੈਂ ਤੁਰੰਤ ਉਹਨਾਂ ਦਾ ਇਤਰਾਜ਼ ਸਵੀਕਾਰ ਕਰਦੇ ਹੋਏ ਕਿਹਾ ਕਿ ਮੈਂ ਅੱਗੋਂ ਤੋਂ ਆਪਣੇ ਨਾਂ ਨਾਲ "ਅਰੋੜਾ" ਸ਼ਬਦ ਦਾ ਪ੍ਰਯੋਗ ਨਹੀਂ ਕਰਾਂਗਾ! ਜਸਟਿਸ ਸਾਰੋਂ ਨੇ ਫਿਰ ਟਿੱਪਣੀ ਕੀਤੀ "ਅਸੀਂ ਤਾਂ ਮਜ਼ਾਕ ਕਰ ਰਹੇ ਹਾਂ"! ਉਹਨਾਂ ਨੇ ਮੇਰੀ ਜਨ ਹਿੱਤ ਪਟੀਸ਼ਨ ਤੇ ਨੋਟਿਸ ਜਾਰੀ ਕਰ ਦਿੱਤਾ। ਇਸ ਤਰਾਂ ਮੇਰਾ "ਜਨ ਹਿੱਤ ਦਾ ਸਫ਼ਰ" "ਐਚ ਸੀ ਅਰੋੜਾ" ਤੋਂ "ਹਰੀ ਚੰਦ" ਤਕ ਪੂਰਾ ਹੋ ਗਿਆ।

❑ ❑ ❑